# ਤਤਕਰਾ


| ਕ੍ਰਮ ਅੰਕ | ਲੇਖ | ਪੰਨਾ |
|---|---|---|
| 1. | ਏਡਸ ਦੇ ਹਵਾਲੇ ਕਿਉਂ ਕਰੀਏ ਜ਼ਿੰਦਗੀ ? | 3 |
| 2. | ਏਡਸ ਵਾਇਰਸ ਨਾਲ ਹੀ ਏਡਸ ਦਾ ਇਲਾਜ | 11 |
| 3. | ਏਡਸ ਦਾ ਵਧਦਾ ਆਤੰਕ | 18 |
| 4. | ਏਡਸ ਦੇ ਰੋਗੀਆਂ ਨੂੰ ਪਿਆਰ ਦੇਣ ਦੀ ਜ਼ਰੂਰਤ ਹੈ | 22 |
| 5. | ਕੁੱਲ ਏਡਸ ਰੋਗੀਆਂ ਵਿੱਚ ਚਾਰ ਫੀ ਸਦੀ ਬੱਚੇ ਵੀ ਇਸ ਦੀ ਲਪੇਟ ਵਿੱਚ | 24 |
| 6. | ਦੱਬੇ ਪੈਰੀਂ ਵਧਦਾ ਹੈ ਏਡਸ | 27 |
| 7. | ਅੰਡੇਮਾਨ-ਨਿਕੋਬਾਰ ਵਿੱਚ ਏਡਸ ਦਾ ਵਧਦਾ ਖ਼ਤਰਾ | 28 |
| 8. | ਪੁਰਖਾਂ ਦਾ ਸਰਾਪ | 35 |
| 9. | ਏਡਸ ਦੇ ਖ਼ਿਲਾਫ ਜੰਗ | 39 |
| 10. | ਭਾਰਤ ਵਿੱਚ ਏਡਸ ਪੀੜਿਤਾਂ ਦੀ ਸੰਖਿਆ 92 ਲੱਖ | 43 |
| 11. | ਜਾਗ ਕੇ ਵੀ ਸੁੱਤੇ ਹੋਏ ਹਨ ਲੋਕ—ਕਹਿਰ ਏਡਸ ਦਾ | 45 |
| 12. | ਇਕ ਨਜ਼ਰ ਵਿੱਚ ਵਿਸ਼ਵ | 53 |
| 13. | ਆਖਰ ਕੀ ਬਲਾ ਹੈ ਏਡਸ ? | 55 |
| 14. | ਜਿਨ੍ਹਾਂ ਨਾਲ ਹੋ ਸਕਦਾ ਹੈ ਏਡਸ | 58 |
| 15. | ਏਡਸ ਦੀ ਰੋਕਥਾਮ ਅਤੇ ਸਿੱਖ ਧਰਮ | 60 |





| | | |
|---|---|---|
| 16. | ਚੰਗਾ ਆਚਰਣ ਹੀ ਏਡਜ਼ ਤੋਂ ਬਚਾ ਸਕਦਾ ਹੈ | 65 |
| 17. | ਮੌਤ ਦਾ ਖ਼ੂਨੀ ਪੰਜਾ ਬਨਾਮ ਏਡਜ਼ | 67 |
| 18. | ਏਡਜ਼ ਤੇ ਇਸ ਦੇ ਲੱਛਣ | 71 |
| 19. | ਏਡਸ ਅਤੇ ਐੱਚ.ਆਈ.ਵੀ. ਬਾਰੇ ਕੁਝ ਜ਼ਰੂਰੀ ਗੱਲਾਂ | 78 |
| 20. | ਏਡਸ ਤੋਂ ਕਿਵੇਂ ਬਚਿਆ ਜਾਵੇ ? | 82 |
| 21. | ਦੇਸ਼ ਨੂੰ ਪਿਆਰ ਕਰਨ ਵਾਲੇ ਬੰਦੇ ਦੇ ਦੋ ਵੱਡੇ ਕਰਤੱਵ | 85 |
| 22. | ਏਡਸ (ਕਵਿਤਾ) | 86 |
| 23. | ਪਿੰਗਲਵਾੜੇ ਦੀਆਂ ਪ੍ਰਾਪਤੀਆਂ | 88 |

## ਏਡਸ ਦੇ ਹਵਾਲੇ ਕਿਉਂ ਕਰੀਏ ਜ਼ਿੰਦਗੀ ?

**ਸੰਸਾਰ ਵਿੱਚ ਲਗਭਗ ਸਾਡੇ ਤਿੰਨ ਕਰੋੜ ਬੰਦੇ ਏਡਸ ਦੇ ਸ਼ਿਕਾਰ ਹਨ । ਏਡਸ ਕੀ ਹੈ ? ਇਸ ਦੇ ਲੱਛਣ ਕੀ ਹਨ ? ਇਸ ਤੋਂ ਕਿਵੇਂ ਬਚਿਆ ਜਾ ਸਕਦਾ ਹੈ ? ਇਹਨਾਂ ਸੁਆਲਾਂ ’ਤੇ ਆਧਾਰਿਤ ਇਹ ਅੰਕ /**

ਏਡਸ ਰੋਗ ਅੱਜ ਵਿਸ਼ਵ ਦੀ ਸਿਹਤ ਸੰਬੰਧੀ ਸਮੱਸਿਆਵਾਂ ਵਿੱਚੋਂ ਪ੍ਰਮੁੱਖ ਹੈ; ਕਿਉਂਕਿ ਇਸ ਦਾ ਹਾਲੇ ਤਕ ਕੋਈ ਇਲਾਜ ਨਹੀਂ ਨਿਕਲਿਆ ਹੈ । ਇਹ ਰੋਗ ਇਕ ਵਿਸ਼ਾਣੂ ਐਚ.ਆਈ.ਵੀ. ਦਾ ਮਨੁੱਖੀ ਸਰੀਰ ਵਿੱਚ ਦਾਖ਼ਲ ਹੋਣ ਨਾਲ ਹੁੰਦਾ ਹੈ ਜਿਹੜਾ ਮਨੁੱਖ ਦੇ ਸਰੀਰ ਦੀ ਆਪਣੀ ਰੋਗ-ਪ੍ਰਤਿਰੋਧਕ ਸ਼ਕਤੀ ਨੂੰ ਨਸ਼ਟ ਕਰ ਦਿੰਦਾ ਹੈ । ਦੂਜੇ ਸ਼ਬਦਾਂ ਵਿੱਚ, ਇਹ ਰੋਗ ਸਰੀਰ ਦੀ ਪ੍ਰਤਿਰੋਧਿਕ ਸਮਰੱਥਾ ਨੂੰ ਇੰਨਾ ਨਸ਼ਟ ਕਰ ਦਿੰਦਾ ਹੈ ਕਿ ਸਰੀਰ ਕਿਸੇ ਵੀ ਰੋਗ ਨਾਲ ਲੜਨ ਦੇ ਯੋਗ ਨਹੀਂ ਰਹਿ ਜਾਂਦਾ ਅਤੇ ਨਾ ਹੀ ਉਸ ਉੱਤੇ ਕਿਸੇ ਦਵਾਈ ਦਾ ਹੀ ਅਸਰ ਹੁੰਦਾ ਹੈ। ਇਸ ਤਰ੍ਹਾਂ ਅੰਤ ਵਿੱਚ ਕੇਵਲ ਇਕ ਹੀ ਰਸਤਾ ਰਹਿ ਜਾਂਦਾ ਹੈ ਅਤੇ ਉਹ ਰਸਤਾ ਹੈ—ਮੌਤ ।

ਏਡਸ ਦਾ ਅਰਥ ਹੈ—ਇਕੁਵਾਯਰਡ ਇਮਿਉਨੋ ਡੈਫਿਸਿਅੰਸੀ ਸਿੰਡਰੋਮ । ਐਚ.ਆਈ.ਵੀ. ਵਿਸ਼ਾਣੂ ਦੇ ਮਨੁੱਖੀ ਸਰੀਰ ਵਿੱਚ ਦਾਖ਼ਲ ਹੋਣ ਤੋਂ ਬਾਅਦ ਇਸ ਰੋਗ ਦੇ ਵਧਣ ਵਿੱਚ 10 ਸਾਲਾਂ ਤੋਂ ਵੱਧ ਸਮਾਂ ਲੱਗ ਜਾਂਦਾ ਹੈ ਅਤੇ ਬਹੁਤੇ ਰੋਗੀ ਇਸ ਰੋਗ ਦੀ ਪਹਿਚਾਣ ਹੋਣ ਤੋਂ 3 ਸਾਲਾਂ ਦੇ ਵਿੱਚ ਹੀ ਮਰ ਜਾਂਦੇ ਹਨ ।

ਏਡਸ ਇਕ ਵਿਸ਼ਵ-ਵਿਆਪੀ ਸਮੱਸਿਆ ਹੈ ਅਤੇ ਇਹ ਤੇਜ਼ੀ ਨਾਲ ਫੈਲ ਰਹੀ ਹੈ । ਅੱਜ ਕੋਈ ਵੀ ਦੇਸ਼ ਇਸ ਬਿਮਾਰੀ ਤੋਂ ਬਚ ਨਹੀਂ ਪਾਇਆ ਹੈ । ਅਫ਼ਰੀਕਾ ਪਹਿਲਾਂ ਤੋਂ ਹੀ ਇਸ ਰੋਗ ਦੀ ਮਜ਼ਬੂਤ ਜਕੜ ਵਿੱਚ ਹੈ । ਐਚ. ਆਈ. ਵੀ. ਵਿਸ਼ਾਣੂ ਹੁਣ ਏਸ਼ੀਆ ਅਤੇ ਲੈਟਿਨ



ਅਮਰੀਕਾ ਵਿੱਚ ਵੀ ਬੜੀ ਤੇਜ਼ੀ ਨਾਲ ਆਪਣੇ ਪੈਰ ਪਸਾਰ ਰਿਹਾ ਹੈ। ਭਾਰਤ ਵੀ ਹੁਣ ਇਸ ਦੀ ਚਪੇਟ ਵਿੱਚ ਆ ਚੁੱਕਿਆ ਹੈ ਅਤੇ ਇੱਥੇ ਏਡਸ ਦੇ ਰੋਗੀਆਂ ਦੀ ਗਿਣਤੀ ਬੜੀ ਤੇਜ਼ੀ ਨਾਲ ਵਧ ਰਹੀ ਹੈ ।

### ਏਡਸ ਰੋਗ ਕਿਸ ਨੂੰ ਹੋ ਸਕਦਾ ਹੈ ?

ਏਡਸ ਵਿਸ਼ਾਣੂ ਕਿਸੇ ਵੀ ਬੰਦੇ ਦੇ ਖ਼ੂਨ ਵਿੱਚ ਦਾਖ਼ਲ ਹੋ ਕੇ ਏਡਸ ਰੋਗ ਫੈਲਾ ਸਕਦਾ ਹੈ । ਬਹੁਤ ਸਾਰੇ ਲੋਕਾਂ ਨਾਲ ਸੈਕਸ-ਸੰਬੰਧ ਬਣਾਉਣ ਨਾਲ ਵੀ ਇਹ ਰੋਗ ਹੋ ਸਕਦਾ ਹੈ । ਇਸ ਤੋਂ ਇਲਾਵਾ ‘ਨਾ ਔਰਤ, ਨਾ ਮਰਦ’ (ਖੁਸਰਾ) ਨਾਲ ਸੈਕਸ-ਸੰਬੰਧ ਬਣਾਉਣ ਨਾਲ ਜਾਂ ਸਮਲਿੰਗੀਆਂ ਨਾਲ ਸੈਕਸ-ਸੰਬੰਧ ਬਣਾਉਣ ਨਾਲ ਵੀ ਇਹ ਰੋਗ ਹੋ ਸਕਦਾ ਹੈ । ਜਿਹੜੇ ਬਹੁਤਿਆਂ ਬੰਦਿਆਂ ਨਾਲ ਸੰਭੋਗ ਕਰਦੇ ਹਨ ਉਹਨਾਂ ਨੂੰ ਇਹ ਰੋਗ ਲੱਗਣ ਦਾ ਸਭ ਤੋਂ ਵੱਧ ਖ਼ਤਰਾ ਹੁੰਦਾ ਹੈ; ਜਿਵੇਂ ਵੇਸ਼ਵਾਵਾਂ ਅਤੇ ਉਹਨਾਂ ਕੋਲ ਜਾਣ ਵਾਲੇ ਬੰਦੇ, ਖ਼ਾਸ ਕਰ ਅਜਿਹੇ ਬੰਦੇ ਜਿਹੜੇ ਉਹਨਾਂ ਦੇਸ਼ਾਂ ਤੋਂ ਆਉਣ ਵਾਲੇ ਬੰਦਿਆਂ ਨਾਲ ਸੰਭੋਗ ਕਰਦੇ ਹਨ ਜਿਨ੍ਹਾਂ ਦੇਸ਼ਾਂ ਵਿੱਚ ਏਡਸ ਰੋਗ ਬਹੁਤ ਜ਼ਿਆਦਾ ਫੈਲਿਆ ਹੋਵੇ । ਇਸੇ ਤਰ੍ਹਾਂ ਇਸ ਰੋਗ ਨਾਲ ਪੀੜਿਤ ਵਿਅਕਤੀ ਨਾਲ ਅਸੁਰੱਖਿਅਤ ਸੰਭੋਗ ਨਾਲ ਵੀ ਏਡਸ ਰੋਗ ਹੋਣ ਦਾ ਖ਼ਤਰਾ ਰਹਿੰਦਾ ਹੈ । ਇਕੋ ਸੂਈ, ਜਿਸ ਸੂਈ ਨਾਲ ਏਡਸ ਦੇ ਵਿਸ਼ਾਣੂ ਲੱਗੇ ਹੋਣ, ਬਹੁਤੇ ਬੰਦਿਆਂ ਨੂੰ ਲਗਾਉਣ ਨਾਲ ਵੀ ਇਹ ਰੋਗ ਲੱਗ ਜਾਂਦਾ ਹੈ । ਇਸ ਦਾ ਇਹ ਕਾਰਨ ਹੈ ਕਿ ਏਡਸ ਪੀੜਿਤ ਬੰਦੇ ਨੂੰ ਜਦੋਂ ਸੂਈ ਲਗਾਈ ਜਾਂਦੀ ਹੈ ਤਾਂ ਉਸ ਸੂਈ ਨਾਲ ਏਡਸ ਦੇ ਵਿਸ਼ਾਣੂ ਲੱਗ ਜਾਂਦੇ ਹਨ, ਮਤਲਬ ਏਡਸ ਦੇ ਵਿਸ਼ਾਣੂ ਸੂਈ ਦੀ ਸਤਹਿ ’ਤੇ ਚਿਪਕ ਜਾਂਦੇ ਹਨ ਅਤੇ ਜਦੋਂ ਇਹੀ ਸੂਈ ਕਿਸੇ ਦੂਸਰੇ ਬੰਦੇ ਨੂੰ ਲਗਾਈ ਜਾਂਦੀ ਹੈ ਤਾਂ ਉਸ ਬੰਦੇ ਦੇ ਖ਼ੂਨ ਵਿੱਚ ਉਸ ਏਡਸ ਪੀੜਿਤ ਰੋਗੀ ਦੇ ਐਚ.ਆਈ.ਵੀ. ਵਿਸ਼ਾਣੂ ਪਹੁੰਚ ਜਾਂਦੇ ਹਨ

ਅਤੇ ਉਹ ਉਸ ਬੰਦੇ ਨੂੰ ਵੀ ਏਡਸ ਦਾ ਰੋਗ ਲਗਾ ਦਿੰਦੇ ਹਨ । ਉਹ ਬੰਦੇ ਜਿਹੜੇ ਨਸ਼ਿਆਂ ਦਾ ਸੇਵਨ ਟੀਕੇ ਨਾਲ ਕਰਦੇ ਹਨ ਅਤੇ ਇਕ ਹੀ ਸੂਈ ਨੂੰ ਬਹੁਤ ਸਾਰੇ ਬੰਦੇ ਵਰਤਦੇ ਹਨ ਉਹਨਾਂ ਵਿੱਚ ਏਡਸ ਰੋਗ ਹੋਣ ਦਾ ਖ਼ਤਰਾ ਸਭ ਤੋਂ ਜ਼ਿਆਦਾ ਰਹਿੰਦਾ ਹੈ । ਇਸ ਤਰ੍ਹਾਂ ਏਡਸ ਨਾਲ ਪੀੜਿਤ ਵਿਅਕਤੀ ਕੋਲੋਂ ਲਏ ਗਏ ਖ਼ੂਨ ਨੂੰ ਕਿਸੇ ਦੂਸਰੇ ਵਿਅਕਤੀ ਨੂੰ ਚੜ੍ਹਾਉਣ ਨਾਲ ਵੀ ਇਹ ਰੋਗ ਪੈਦਾ ਹੁੰਦਾ ਹੈ । ਏਡਸ ਪੀੜਿਤ ਗਰਭ ਮਾਂ ਦੇ ਨਵਜਾਤ ਬੱਚੇ ਨੂੰ ਇਹ ਰੋਗ ਉਸ ਦੀ ਮਾਂ ਕੋਲੋਂ ਲੱਗਦਾ ਹੈ ।

## ਏਡਸ ਤੋਂ ਬਚਣ ਦੇ ਢੰਗ

1. ਸੰਭੋਗ-ਸੰਬੰਧ ਕੇਵਲ ਇਕ ਹੀ ਵਿਅਕਤੀ ਨਾਲ ਸੀਮਿਤ ਰੱਖੋ । ਬਹੁਤ ਸਾਰੇ ਲੋਕਾਂ ਨਾਲ ਸੈਕਸ-ਸੰਬੰਧ ਨਾ ਬਣਾਉ ਅਤੇ ਸੰਭੋਗ ਸਮੇਂ ਨਿਰੋਧ ਦੀ ਵਰਤੋਂ ਕਰੋ ।
2. ਹਮੇਸ਼ਾਂ ਡਿਸਪੋਜ਼ਏਬਲ (ਕੇਵਲ ਇਕ ਹੀ ਸਮੇਂ ਲਈ ਕੰਮ ਵਿੱਚ ਆਉਣ ਵਾਲੀ) ਸੂਈ ਜਾਂ ਸਿਰਿੰਜ਼ ਦੀ ਵਰਤੋਂ ਕਰੋ । ਪ੍ਰਦੂਸ਼ਿਤ ਸੂਈ ਦਾ ਇਸਤੇਮਾਲ ਬਿਲਕੁੱਲ ਨਾ ਕਰੋ ।
3. ਕਦੇ ਖ਼ੂਨ ਦੀ ਲੋੜ ਪੈਣ 'ਤੇ ਸਕੇ-ਸੰਬੰਧੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਖ਼ੂਨ ਜ਼ਰੂਰਤਮੰਦ ਨੂੰ ਚੜ੍ਹਾਉਣ । ਇਹ ਖ਼ੂਨ ਵੀ ਐਚ.ਆਈ.ਵੀ. ਦੀ ਜਾਂਚ ਕਰਵਾਉਣ ਤੋਂ ਬਾਅਦ ਹੀ ਚੜ੍ਹਾਉਣਾ ਚਾਹੀਦਾ ਹੈ । ਪੇਸ਼ੇਵਰ ਖ਼ੂਨ ਦੇਣ ਵਾਲਿਆਂ ਤੋਂ ਪਰਹੇਜ਼ ਹੀ ਰੱਖਣਾ ਚਾਹੀਦਾ ਹੈ ।
4. ਨਸ਼ਿਆਂ ਦਾ ਪ੍ਰਯੋਗ ਕਦੇ ਨਾ ਕਰੋ ।
5. ਜਿਨ੍ਹਾਂ ਇਸਤਰੀਆਂ ਦੇ ਸਰੀਰ ਵਿੱਚ ਏਡਸ ਦੇ ਵਿਸ਼ਾਣੂ ਹੋਣ ਉਹਨਾਂ ਨੂੰ ਚਾਹੀਦਾ ਹੈ ਕਿ ਉਹ ਗਰਭ ਧਾਰਨ ਨਾ ਕਰਨ, ਕਿਉਂਕਿ ਇਸ ਤਰ੍ਹਾਂ ਕਰਨ ਨਾਲ ਏਡਸ ਦੇ ਵਿਸ਼ਾਣੂ ਉਸ ਦੇ



ਹੋਣ ਵਾਲੇ ਬੱਚੇ ਦੇ ਸਰੀਰ ਵਿੱਚ ਪਹੁੰਚ ਕੇ ਉਸ ਨੂੰ ਵੀ ਏਡਸ ਦਾ ਰੋਗੀ ਬਣਾ ਦੇਣਗੇ ।

6. ਬੱਚਿਆਂ ਨੂੰ ਸ਼ੁਰੂ ਤੋਂ ਹੀ ਸੈਕਸ-ਐਜੂਕੇਸ਼ਨ ਦੇਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਏਡਸ ਦੇ ਰੋਗ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ ।
7. ਸਿਹਤ-ਸਿੱਖਿਆ ਉੱਤੇ ਜ਼ੋਰ ਦੇਣਾ ਚਾਹੀਦਾ ਹੈ ਅਰਥਾਤ ਹਰ ਕਿਸੇ ਨੂੰ ਪਤਾ ਹੋਣਾ ਚਾਹੀਦਾ ਹੇ ਕਿ ਏਡਸ ਕੀ ਹੈ ? ਇਹ ਰੋਗ ਕਿਸ ਤਰ੍ਹਾਂ ਲੱਗਦਾ ਹੈ ਅਤੇ ਇਸ ਤੋਂ ਕਿਵੇਂ ਬਚਿਆ ਜਾ ਸਕਦਾ ਹੈ ।

## ਏਡਸ ਇਸ ਤਰ੍ਹਾਂ ਨਾਲ ਨਹੀਂ ਹੁੰਦਾ

- ਏਡਸ ਜ਼ੁਕਾਮ ਜਾਂ ਇਨਫਲੂੰਜਾ ਦੇ ਰੋਗਾਂ ਦੀ ਤਰ੍ਹਾਂ ਖੰਘਣ ਨਾਲ ਜਾਂ ਛਿੱਕਣ ਨਾਲ ਨਹੀਂ ਹੁੰਦਾ, ਕਿਉਂਕਿ ਇਸ ਦਾ ਵਿਸ਼ਾਣੂ ਵੱਖਰੇ ਹੀ ਕਿਸਮ ਦਾ ਹੁੰਦਾ ਹੈ ।
- ਕੰਮ ਕਰਨ ਦੀ ਥਾਂ, ਸਕੂਲ, ਕਾਲਜ ਦੀ ਕੈਂਟੀਨ ਜਾਂ ਦੁਕਾਨ ਵਿੱਚ ਪ੍ਰਤੀਦਿਨ ਦੇ ਆਮ ਮਿਲਣ ਨਾਲ ਏਡਸ ਦੇ ਵਿਸ਼ਾਣੂ ਸਰੀਰਾਂ ਵਿੱਚ ਦਾਖ਼ਲ ਨਹੀਂ ਹੁੰਦੇ ।
- ਇਕ ਹੀ ਟਾਇਲਟ ਸੀਟ ਦਾ ਕਈ ਲੋਕਾਂ ਦੁਆਰਾ ਇਸਤੇਮਾਲ ਕਰਨ ਨਾਲ ਵੀ ਏਡਸ ਨਹੀਂ ਹੁੰਦਾ ।
- ਮੱਛਰ ਦੇ ਕੱਟਣ ਨਾਲ ਵੀ ਏਡਸ ਰੋਗ ਨਹੀਂ ਹੁੰਦਾ । ਮਲੇਰੀਆ ਵਰਗੇ ਹੋਰ ਰੋਗਾਂ ਦੀ ਮੱਛਰ ਦੀ ਥੁੱਕ ਗ੍ਰੰਥੀ ਨਾਲ ਏਡਸ ਨਹੀਂ ਹੁੰਦਾ ।
- ਹੱਥ ਮਿਲਾਉਣ ਜਾਂ ਗਲੇ ਮਿਲਣ ਨਾਲ ਵੀ ਏਡਸ ਰੋਗ ਨਹੀਂ ਹੁੰਦਾ।
- ਹੰਝੂਆਂ, ਪਸੀਨੇ, ਟੱਟੀ ਜਾਂ ਪਿਸ਼ਾਬ ਦੇ ਨਾਲ ਵੀ ਏਡਸ ਰੋਗ ਨਹੀਂ ਹੁੰਦਾ ।
- ਕੱਪੜਿਆਂ, ਟੈਲੀਫ਼ੋਨ ਆਦਿ ਦਾ ਇਕੱਠੇ ਇਸਤੇਮਾਲ ਕਰਨ ਨਾਲ ਵੀ ਏਡਸ ਨਹੀਂ ਹੁੰਦਾ, ਗਿਲਾਸ ਜਾਂ ਖਾਣਾ ਖਾਣ ਦੇ ਭਾਂਡਿਆਂ ਨੂੰ ਵਰਤਣ

ਨਾਲ ਵੀ ਏਡਸ ਨਹੀਂ ਹੁੰਦਾ ਜਿਸ ਨੂੰ ਏਡਸ ਰੋਗੀ ਨੇ ਵਰਤਿਆ ਹੋਵੇ ।
- ਏਡਸ ਪੀੜਿਤ ਵਿਅਕਤੀ ਨਾਲ ਬੱਸ ਜਾਂ ਗੱਡੀ ਵਿੱਚ ਇਕੱਠੇ ਸਫ਼ਰ ਕਰਨ ਨਾਲ ਜਾਂ ਭੀੜ-ਭਾੜ ਵਾਲੀ ਥਾਂ 'ਤੇ ਪੀੜਿਤ ਵਿਅਕਤੀ ਨਾਲ ਰਹਿਣ ਨਾਲ ਵੀ ਏਡਸ ਨਹੀਂ ਹੁੰਦਾ ।

## ਏਡਸ ਰੋਗ ਦੇ ਲੱਛਣ

ਏਡਸ ਰੋਗ ਦੇ ਮੁੱਢਲੇ ਲੱਛਣ ਸਾਧਾਰਣ ਜਿਹੇ ਹੀ ਹੁੰਦੇ ਹਨ ਅਤੇ ਦੂਜਿਆਂ ਰੋਗਾਂ ਦੀ ਤਰ੍ਹਾਂ ਹੀ ਹੁੰਦੇ ਹਨ । ਹਲਕਾ ਬੁਖ਼ਾਰ, ਬੁਖ਼ਾਰ ਨਾਲ ਠੰਢ ਲੱਗਣੀ, ਖ਼ਾਂਸੀ ਹੋਣੀ, ਗਲਾ ਖ਼ਰਾਬ ਹੋਣਾ, ਟੱਟੀਆਂ ਲੱਗਣੀਆਂ ਵਰਗੇ ਸਾਧਾਰਣ ਜਿਹੇ ਲੱਛਣ ਮੁੱਢਲੇ ਤੌਰ 'ਤੇ ਵੇਖਣ ਨੂੰ ਆਉਂਦੇ ਹਨ । ਏਡਸ ਪੀੜਿਤ ਰੋਗੀ ਸਾਲਾਂ-ਬੱਧੀ ਸਿਹਤਮੰਦ ਜੀਵਨ ਜੀਅ ਸਕਦੇ ਹਨ ਪਰ ਉਹ ਦੂਸਰੇ ਬੰਦਿਆਂ ਦੇ ਸਰੀਰਾਂ ਵਿੱਚ ਸੈਕਸ-ਸੰਬੰਧ ਬਣਾਉਣ ਨਾਲ ਇਸ ਰੋਗ ਨੂੰ ਫੈਲਾਉਣ ਦੀ ਸਮਰੱਥਾ ਰੱਖਦੇ ਹਨ ।

ਜੇਕਰ ਕਿਸੇ ਵਿਅਕਤੀ ਵਿੱਚ ਹੇਠ ਲਿਖੇ ਲੱਛਣਾਂ ਵਿੱਚੋਂ ਕੋਈ ਇਕ ਵੀ ਦਿਖਾਈ ਦੇਵੇ ਤਾਂ ਉਸ ਵਿਅਕਤੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਖੇਤਰ ਦੇ ਸਰਕਾਰ ਦੁਆਰਾ ਸਥਾਪਿਤ ਕੀਤੇ ਗਏ ਨਿਰੀਖਣ ਕੇਂਦਰ ਵਿੱਚ ਖ਼ੂਨ ਟੈਸਟ ਕਰਾਵੇ ।

1. ਸਰੀਰ ਦੇ ਭਾਰ ਦਾ ਘਟਣਾ ਅਤੇ ਭਾਰ ਦੇ ਘਟਣ ਦੇ ਕਾਰਨ ਦਾ ਪਤਾ ਨਾ ਲੱਗਣਾ ।
2. ਰੁੱਕ-ਰੁੱਕ ਕੇ ਬੁਖ਼ਾਰ ਦਾ ਚੜ੍ਹਨਾ ।
3. ਗ੍ਰੰਥੀਆਂ ਵਿੱਚ ਸੂਜਨ ਆ ਜਾਣੀ ।
4. ਲਗਾਤਾਰ ਪਤਲੀਆਂ ਟੱਟੀਆਂ ਦਾ ਆਉਣਾ ਅਤੇ ਦਵਾਈ ਨਾਲ ਵੀ ਠੀਕ ਨਾ ਹੋਣਾ ।
5. ਰਾਤ ਨੂੰ ਪਸੀਨਾ ਆਉਣਾ ਅਤੇ ਸਰੀਰ ਦਾ ਦਰਦ ਨਾਲ ਟੁੱਟਣਾ ।



੬. ਮੂੰਹ ਅਤੇ ਭੋਜਨ ਨਲੀ ਵਿੱਚ ਸਫ਼ੈਦ ਦਾਗ ਅਤੇ ਛਾਲੇ ਹੋਣੇ ।

ਹੌਲੇ ਹੌਲੇ ਇਹ ਰੋਗ ਵਧਦਾ ਜਾਂਦਾ ਹੈ ਅਤੇ ਏਡਸ ਦਾ ਰੋਗੀ ਤਪਦਿਕ, ਨਿਮੋਨੀਆਂ ਅਤੇ ਕੈਂਸਰ ਵਰਗੇ ਭਿਆਨਕ ਰੋਗਾਂ ਦਾ ਸ਼ਿਕਾਰ ਹੁੰਦਾ ਹੈ ਕਿਉਂਕਿ ਦਵਾਈਆਂ ਦਾ ਵੀ ਉਸ ਉੱਤੇ ਕੋਈ ਅਸਰ ਨਹੀਂ ਹੁੰਦਾ, ਆਖਿਰ ਉਸ ਰੋਗੀ ਦੀ ਮੌਤ ਹੋ ਜਾਂਦੀ ਹੈ ।

## ਏਡਸ ਦਾ ਪ੍ਰੀਖਣ ਕਰਨ ਦੇ ਕੁਝ ਖ਼ਾਸ ਕੇਂਦਰਾਂ ਦੇ ਨਾਂ

1. ਨੈਸ਼ਨਲ ਇੰਸਟੀਚਿਊਟ ਆਫ ਕਾਲਜ ਐਂਡ ਇੰਟ੍ਰਿਕ-ਡਿਜੀਜ, ਕਲਕੱਤਾ ।
2. ਪੋਸਟ ਗਰੈਜੂਏਟ ਇੰਸਟੀਚਿਊਟ ਆਫ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ, ਚੰਡੀਗੜ੍ਹ ।
3. ਕ੍ਰਿਸ਼ਚਿਅਨ ਮੈਡੀਕਲ ਕਾਲਜ, ਵੇਲੋਰ ।
4. ਅਪੋਲੋ ਹੋਸਪੀਟਲ, ਮਦਰਾਸ ।
5. ਨੈਸ਼ਨਲ ਇੰਸਟੀਚਿਊਟ ਆਫ ਵਾਇਰੋਲਾਜੀ, ਪੂਨਾ ।
6. ਇੰਸਟੀਚਿਊਟ ਆਫ ਮੈਡੀਕਲ ਸਾਇੰਸਜ, ਸ੍ਰੀਨਗਰ ।
7. ਇੰਸਟੀਚਿਊਟ ਆਫ ਇਮਿਊਨੋ-ਹੈਮੇਟੋਲਾਜੀ ਮੁੰਬਈ ।
8. ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ, ਨਵੀਂ ਦਿੱਲੀ ।
9. ਇੰਸਟੀਚਿਊਟ ਆਫ ਪ੍ਰੀਵੇਂਟਿੱਵ ਮੈਡੀਸਨ, ਹੈਦਰਾਬਾਦ ।
10. ਰਾਸ਼ਟਰੀ ਸੰਚਾਰੀ ਰੋਗ ਸੰਸਥਾਨ, ਦਿੱਲੀ ।
11. ਚੋਗਮ ਹਸਪਤਾਲ, ਇੰਦੋਰ ।
12. ਬੀ.ਜੇ. ਮੈਡੀਕਲ ਕਾਲਜ, ਅਹਿਮਦਾਬਾਦ ।
13. ਇੰਸਟੀਚਿਊਟ ਆਫ ਪੈਥੋਲਾਜੀ, ਦਿੱਲੀ ।
14. ਜਵਾਹਰ ਲਾਲ ਇੰਸਟੀਚਿਊਟ ਆਫ ਪੋਸਟ ਗ੍ਰੈਜੂਏਟ ਮੈਡੀਕਲ

ਐਜੂਕੇਸ਼ਨ ਐਂਡ ਰੀਸਰਚ (ਜ.ਪ.ਮੇ.ਰੀ.) ਪਾਂਡੇਚੇਰੀ ।

15. ਤਿਰੁਅੰਨਤਪੁਰਸ਼ ਮੈਡੀਕਲ ਕਾਲਜ, ਤਿਰੁਅੰਨਤਪੁਰਮ ।
16. ਮੈਡੀਕਲ ਕਾਲਜ, ਰੋਹਤਕ,
17. ਸੇਂਟ ਜੀ.ਐਸ. ਮੈਡੀਕਲ ਕਾਲਜ ਮੁੰਬਈ ।
18. ਮੈਡੀਕਲ ਕਾਲਜ, ਭੋਪਾਲ ।
19. ਮੈਡੀਕਲ ਕਾਲਜ, ਮਦੁਰੈ ।
20. ਸੈਂਟਰਲ ਜਾਲਸਾ ਇੰਸਟੀਚਿਊਟ ਆਫ ਲੇਪ੍ਰਾਸੀ, ਆਗਰਾ ।
21. ਮੈਡੀਕਲ ਕਾਲਜ, ਜੱਬਲਪੁਰ।
22. ਗ੍ਰਾਂਟ ਮੈਡੀਕਲ ਕਾਲਜ, ਮੁੰਬਈ ।
23. ਰੀਜਨਲ ਮੈਡੀਕਲ ਕਾਲਜ, ਮੁੰਬਈ ।
24. ਮੈਡੀਕਲ ਕਾਲਜ, ਨਾਗਪੁਰ ।
25. ਉਸਮਾਨੀਆ ਮੈਡੀਕਲ ਕਾਲਜ, ਹੈਦਰਾਬਾਦ ।
26. ਰਜਿੰਦਰਾ ਮੈਮੋਰੀਅਲ ਰਿਸਰਚ ਸੈਂਟਰ, ਭਵਨੇਸ਼ਵਰ ।
27. ਗੌਰਮੈਂਟ ਮੈਡੀਕਲ ਕਾਲਜ, ਬੈਂਗਲੂਰ ।
28. ਗੋਆ ਮੈਡੀਕਲ ਕਾਲਜ, ਪਣਜੀ ।
29. ਰਜਿੰਦਰਾ ਮੈਮੋਰੀਅਲ ਰਿਸਰਚ ਇੰਸਟੀਚਿਊਟ, ਪਟਨਾ ।
30. ਸਕੂਲ ਆਫ ਟ੍ਰਾਪੀਕਲ ਮੈਡੀਸਨ, ਕਲਕੱਤਾ ।
31. ਐਸ.ਬੀ.ਐਸ.ਸੀ. ਤਿਰੁਪਤਿ ।
32. ਇੰਸਟੀਚਿਊਟ ਆਫ ਚਾਈਲਡ ਹੈਲਥ, ਮਦਰਾਸ ।
33. ਆਂਧਰਾ ਮੈਡੀਕਲ ਕਾਲਜ, ਵਿਸਾਖਾਪਟਨਮ ।
34. ਆਰਮਡ ਫੋਰਸਸ ਮੈਡੀਕਲ ਕਾਲਜ, ਪੂਨੇ ।
35. ਮੈਡੀਕਲ ਕਾਲਜ, ਕਟਕ ।
36. ਐਸ.ਐਮ. ਮੈਡੀਕਲ ਕਾਲਜ, ਜੈਪੁਰ ।
37. ਆਈ.ਜੀ. ਮੈਡੀਕਲ ਕਾਲਜ, ਸ਼ਿਮਲਾ ।



**ਯਾਦ ਰੱਖੋ**

- ਏਡਸ ਇਕ ਲਾਇਲਾਜ ਰੋਗ ਹੈ ਅਤੇ ਹਾਲੇ ਤਕ ਇਸ ਦੇ ਇਲਾਜ ਲਈ ਕੋਈ ਦਵਾਈ ਨਹੀਂ ਬਣੀ ਹੈ ।
- ਏਡਸ ਦਾ ਮਤਲਬ ਹੈ - ਮੌਤ ।
- ਇਸ ਰੋਗ ਦੀ ਰੋਕਥਾਮ ਲਈ ਕੋਈ ਟੀਕਾ ਉਪਲੱਬਧ ਨਹੀਂ ਹੈ ।
- ਇਸ ਰੋਗ ਦੇ ਲੱਛਣ ਪ੍ਰਗਟ ਹੋਣ ਵਿੱਚ ਔਸਤਨ ਸਾਡੇ ਸੱਤ ਸਾਲ ਲੱਗ ਜਾਂਦੇ ਹਨ ।
- ਏਡਸ ਦੇ ਰੋਗੀ ਨੂੰ ਤਪਦਿਕ, ਕੈਂਸਰ, ਦਿਮਾਗੀ ਬਿਮਾਰੀਆਂ ਆਦਿ ਹੋਣ ਦੀ ਸੰਭਾਵਨਾ ਰਹਿੰਦੀ ਹੈ ।

# ਏਡਸ ਵਾਇਰਸ ਨਾਲ ਹੀ ਏਡਸ ਦਾ ਇਲਾਜ

-ਪਰਣੇ ਕੁਮਾਰ ਸੁਮਨ

ਵਿਸ਼ਵ ਭਰ ਵਿੱਚ ਏਡਸ ਦਾ ਆਤੰਕ ਇਸ ਲਈ ਛਾਇਆ ਹੋਇਆ ਹੈ ਕਿ ਇਹ ਹਾਲੇ ਤਕ ਲਾਇਲਾਜ ਰੋਗ ਹੈ । ਇਸ ਦੇ ਇਲਾਜ ਲਈ ਕੋਈ ਕਾਰਗਰ ਦਵਾਈ ਬਣਾਉਣ ਲਈ ਵੱਖ-ਵੱਖ ਦੇਸ਼ਾਂ ਦੇ ਵਿਗਿਆਨੀ ਜੁੱਟੇ ਹੋਏ ਹਨ । ਲੇਕਿਨ ਇੱਕਾ-ਦੁੱਕਾ ਮਾਮੂਲੀ ਜਿਹੀ ਸਫਲਤਾ ਨੂੰ ਛੱਡ ਕੇ ਨਿਰਾਸ਼ਾ ਹੀ ਹੱਥ ਲੱਗੀ ਹੈ । ਥੱਕ-ਹਾਰ ਕੇ ਵਿਗਿਆਨੀਆਂ ਨੇ ਹੁਣ ਏਡਸ ਵਾਇਰਸ ’ਤੇ ਹੀ ਆਪਣੀ ਆਸ ਲਗਾਈ ਹੈ । ਉਹ ਏਡਸ ਦੇ ਇਲਾਜ ਲਈ ਏਡਸ ਵਾਇਰਸ ਨੂੰ ਹੀ ਅਜਮਾਉਣਾ ਚਾਹੁੰਦੇ ਹਨ । ਸਿਰਫ਼ ਇੰਨਾ ਹੀ ਨਹੀਂ ਉਹ ਏਡਸ ਵਾਇਰਸ ਨੂੰ ਹੋਰ ਘਾਤਕ ਬਿਮਾਰੀਆਂ ਠੀਕ ਕਰਨ ਲਈ ਭੀ ਇਸਤੇਮਾਲ ਕਰਨਾ ਚਾਹੁੰਦੇ ਹਨ । ਇਸ ਚਮਤਕਾਰੀ ਪ੍ਰਾਜੈੱਕਟ ਉੱਤੇ ਸਾਰੇ ਵਿਗਿਆਨੀ ਅਤੇ ਬਾਇਉਟੈਕਨਾਲੋਜੀ ਕੰਪਨੀਆਂ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ ।

ਵਿਗਿਆਨੀਆਂ ਦਾ ਕਹਿਣਾ ਹੈ ਕਿ ਉਹਨਾਂ ਨੇ ਏਡਸ ਵਾਇਰਸ ਦੀਆਂ ਦੋ ਅਲੱਗ-ਅਲੱਗ ਵਿਸ਼ੇਸ਼ਤਾਵਾਂ ਦੀ ਪਹਿਚਾਣ ਕੀਤੀ ਹੈ । ਇਸ ਵਾਇਰਸ ਦੀ ਇਕ ਖ਼ਾਸ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਇਹ ਮਨੁੱਖ ਦੀਆਂ ਸਰੀਰਕ ਕੋਸ਼ਕਾਵਾਂ ਨੂੰ ਬੜੀ ਤੇਜ਼ੀ ਨਾਲ ਪ੍ਰਭਾਵਤ ਕਰਦਾ ਹੈ ਅਤੇ ਦੂਸਰੀ ਵਿਸ਼ੇਸ਼ਤਾ, ਏਡਸ ਫੈਲਾਉਣ ਦੀ ਹੁੰਦੀ ਹੈ । ਵਿਗਿਆਨੀਆਂ ਨੇ ਏਡਸ ਦੇ ਵਾਇਰਸ ਨੂੰ ਉਸ ਦੀ ਦੂਸਰੀ ਵਿਸ਼ੇਸ਼ਤਾ ਤੋਂ ਪੂਰੀ ਪੂਰੀ ਤਰ੍ਹਾਂ ਨਾਲ ਅਲੱਗ ਕਰਨ ਦਾ ਢੰਗ ਖੋਜ ਲਿਆ ਹੈ । ਇਸ ਤਰ੍ਹਾਂ ਦੇ ਪੰਗੂ ਏਡਸ ਵਾਇਰਸ ਦੇ ਰਾਹੀਂ ਉਹ ਮਨੁੱਖੀ ਕੋਸ਼ਕਾਵਾਂ ਵਿੱਚ ਜ਼ਰੂਰਤ ਅਨੁਸਾਰ ਜੀਨ ਪਾਉਣਾ ਚਾਹੁੰਦੇ ਹਨ ਅਰਥਾਤ ‘**ਜੀਨ ਥੈਰੇਪੀ**’ ਦੇ ਲਈ ਪੰਗੂ ਏਡਸ ਵਾਇਰਸ ਇਕ ਯੋਗ ਭਾਰ ਢੋਣ ਦਾ ਕੰਮ ਕਰੇਗਾ । ਉਹਨਾਂ ਨੂੰ ਉਮੀਦ ਹੈ ਕਿ ਇਸ ਤਰ੍ਹਾਂ ਨਾਲ ਕੈਂਸਰ ਅਤੇ



ਹੀਮੋਫੀਲਿਆ ਵਰਗੀਆਂ ਬਿਮਾਰੀਆਂ ਦਾ ਇਲਾਜ ਕੀਤਾ ਜਾ ਸਕਦਾ ਹੈ ਅਤੇ ਇਸੇ ਤਰੀਕੇ ਨਾਲ ਏਡਸ ਨੂੰ ਠੀਕ ਕਰਨ ਦੀ ਖੋਜ ਵਿਚ ਏਡਸ ਵਾਇਰਸ ਨੂੰ ਹੀ ਲਗਾਇਆ ਜਾਏਗਾ ।

ਕੈਲੀਫੋਰਨੀਆ ਵਿੱਚ ਸਥਿਤ ‘ਦੀ ਇੰਸਟੀਚਿਊਟ ਫਾਰ ਬਾਇਉਲਾਜੀਕਲ ਸਟੱਡੀਜ਼’ ਵਿੱਚ ਇਸ ਦਿਸ਼ਾ ਵੱਲ ਕਾਰਜ ਕਾਫ਼ੀ ਪ੍ਰਗਤੀ ’ਤੇ ਚੱਲ ਰਿਹਾ ਹੈ । ਇਸ ਪ੍ਰਾਜੈਕਟ ਦੇ ਪ੍ਰਮੁੱਖ ਵਿਗਿਆਨੀ ਡਾ. ਇੰਦਰ ਐਮ. ਵਰਮਾ ਦਾ ਕਹਿਣਾ ਹੈ ਕਿ ‘‘ਇਹ ਸੁਣਨ ਵਿੱਚ ਬੜਾ ਹੀ ਅਜੀਬ ਜਿਹਾ ਲੱਗੇਗਾ ਕਿ ਏਡਸ ਦਾ ਇਲਾਜ ਏਡਸ ਵਾਇਰਸ ਨਾਲ ਕੀਤਾ ਜਾਏ; ਜਿਵੇਂ ਕਿ ਕਹਾਵਤ ਹੈ ਕਿ ਹੀਰਾ ਹੀਰੇ ਨੂੰ ਕੱਟਦਾ ਹੈ । ਇਸ ਪ੍ਰਾਜੈਕਟ ਨਾਲ ਜੁੜੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਸ ਗੱਲ ਨਾਲ ਘਬਰਾਉਣ ਜਾਂ ਡਰਨ ਦੀ ਕੋਈ ਲੋੜ ਨਹੀਂ ਹੈ ਕਿ ਦੂਸਰੀਆਂ ਬਿਮਾਰੀਆਂ ਦੇ ਇਲਾਜ ਲਈ ਪੰਗੂ ਏਡਸ ਵਾਇਰਸ ਦਾ ਇਸਤੇਮਾਲ ਕੀਤਾ ਗਿਆ ਤਾਂ ਮਰੀਜ਼ ਨੂੰ ਏਡਸ ਹੋ ਜਾਏਗਾ । ਵਿਗਿਆਨੀਆਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦਾ ਖ਼ਤਰਾ ਅਸੰਭਵ ਹੈ, ਕਿਉਂਕਿ ਪੰਗੂ ਵਾਇਰਸ ਵਿੱਚ ਏਡਸ ਨਾਲ ਰੋਗ ਪੀੜਿਤ ਕਰਨ ਦੀ ਤਾਂ ਸਮਰੱਥਾ ਹੀ ਨਹੀਂ ਹੁੰਦੀ ਹੈ ਬਲਕਿ ਉਹਨਾਂ ਵਿੱਚ ਆਪਣੀ ਹੀ ਤਦਾਦ ਵਧਾਉਣ ਅਤੇ ਸਰੀਰ ਵਿੱਚ ਫੈਲਣ ਦੀ ਸਮਰੱਥਾ ਵੀ ਨਹੀਂ ਹੁੰਦੀ ਹੈ ।

ਪਰੰਤੂ ਇਹਨਾਂ ਵਿਗਿਆਨੀਆਂ ਦੇ ਇਸ ਦਾਵੇ ਉੱਤੇ ਕੁਝ ਮਾਹਿਰਾਂ ਨੇ ਸ਼ੰਕਾ ਪ੍ਰਗਟ ਕੀਤੀ ਹੈ । ਉਹਨਾਂ ਦਾ ਕਹਿਣਾ ਹੈ ਕਿ ਇਹ ਪੰਗੂ ਵਾਇਰਸ ਕੁਝ ਕੁ ਮਾਮਲਿਆਂ ਵਿੱਚ ਦੂਸਰੇ ਵਾਇਰਸਾਂ ਜਾਂ ਮਰੀਜ਼ ਦੀਆਂ ਆਪਣੀਆਂ ਕੋਸ਼ਿਕਾਵਾਂ ਦੇ ਜੀਨ ਨਾਲ ਮਿਲ ਕੇ ਇਕ ਅਜਿਹੀ ਸਮਰੱਥਾ ਫਿਰ ਪ੍ਰਾਪਤ ਕਰ ਸਕਦੇ ਹਨ ਜਿਸ ਨਾਲ ਉਹ ਆਪਣੀ ਤਦਾਦ ਵਧਾ ਸਕਦੇ ਹਨ । ਇਸ ਲਈ ਇੱਦਾਂ ਦੀ ਸੰਭਾਵਨਾ ਘੱਟ ਹੋਣ ਦੇ ਬਾਵਜੂਦ ਮਰੀਜ਼ ਸ਼ੰਕਾ ਵਿੱਚ ਰਹਿਣਗੇ ਅਤੇ ਡਾਕਟਰਾਂ ਨੂੰ ਵੀ ਪੰਗੂ

ਏਡਸ ਵਾਇਰਸ ਦੀ ਸੂਈ ਲਗਾਉਣ ਤੋਂ ਪਹਿਲਾਂ ਕਈ ਵਾਰ ਸੋਚਣਾ ਪਵੇਗਾ । ਇਹ ਇਕਦਮ ਗਰੰਟੀ ਵਾਲੀ ਗੱਲ ਨਹੀਂ ਹੈ ।

ਜੀਨ ਥੈਰੇਪੀ ਹਾਲੇ ਤਕ ਦੁਨੀਆਂ ਵਿੱਚ ਬਹੁਤੀ ਕਾਮਯਾਬ ਨਹੀਂ ਹੋ ਪਾਈ ਹੈ ਕਿਉਂਕਿ ਜੀਨ ਨੂੰ ਢੋਹਣ ਵਾਲਾ ਕੋਈ ਠੀਕ ਵਾਹਕ ਹਾਲੇ ਤਕ ਨਹੀਂ ਮਿਲ ਪਾਇਆ ਹੈ । ਇਸ ਲਈ ਵਿਗਿਆਨੀਆਂ ਨੇ ਏਡਸ ਵਾਇਰਸ ਦੀ ਛੇਕਣ ਅਤੇ ਵਾਹਕ ਵਿਸ਼ੇਸ਼ਤਾ ਨੂੰ ਹੀ ਇਸਤੇਮਾਲ ਕਰਨ ਦੀ ਸੋਚੀ । ਉਦਾਹਰਣ ਦੇ ਤੌਰ 'ਤੇ ਜਿਹਨਾਂ ਨੂੰ ਹੀਮੋਫੀਲਿਆ ਹੁੰਦੀ ਹੈ, ਕੱਟ-ਫੱਟ ਜਾਣ 'ਤੇ ਉਹਨਾਂ ਦਾ ਖ਼ੂਨ ਵਗਣਾ ਬੰਦ ਨਹੀਂ ਹੁੰਦਾ ਹੈ ਕਿਉਂਕਿ ਪੁਸ਼ਤੈਣੀ ਜੀਨ-ਸੰਬੰਧੀ ਕਮਜ਼ੋਰੀਆਂ ਦੇ ਕਾਰਨ ਉਹ ਜ਼ਰੂਰੀ ਪ੍ਰੋਟੀਨ ਨਹੀਂ ਬਣਾ ਪਾਉਂਦੇ ਹਨ । ਲੇਕਿਨ, ਜੇਕਰ ਉਹਨਾਂ ਦੀਆਂ ਕੋਸ਼ਕਾਵਾਂ ਵਿੱਚ ਉਚਿਤ ਜੀਨ ਪਾ ਦਿੱਤਾ ਜਾਏ ਤਾਂ ਮਰੀਜ਼ ਦਾ ਸਰੀਰ ਖ਼ੂਨ ਨੂੰ ਜਮਾਉਣ ਵਾਲਾ ਪ੍ਰੋਟੀਨ ਖੁਦ-ਬ-ਖੁਦ ਬਣਾਉਣ ਲੱਗ ਜਾਵੇਗਾ । ਵਿਗਿਆਨੀ ਇਸ ਸੰਬੰਧਿਤ ਜੀਨ ਨੂੰ ਪੰਗੂਕ੍ਰਿਤ ਏਡਸ ਵਾਇਰਸ ਵਿੱਚ ਪਾ ਦਿੰਦੇ ਹਨ ਅਤੇ ਇਹ ਵਾਇਰਸ ਆਪਣੀ ਛੇਕਣ ਦੀ ਵਿਸ਼ੇਸ਼ਤਾ ਨਾਲ ਮਨੁੱਖੀ-ਕੋਸ਼ਕਾਵਾਂ ਵਿੱਚ ਉਸ ਜੀਨ ਨੂੰ ਪਹੁੰਚਾ ਦਿੰਦਾ ਹੈ । ਪਿਛਲੇ ਇਕ ਦਹਾਕੇ ਤੋਂ ਜੀਨ ਥੈਰੇਪੀ ਕੀਤੀ ਜਾ ਰਹੀ ਸੀ ਲੇਕਿਨ ਮਿਥੇ ਨਤੀਜੇ ਸਾਹਮਣੇ ਨਹੀਂ ਆ ਰਹੇ ਸਨ ਕਿਉਂਕਿ ਜ਼ਿਆਦਾ ਮਾਤਰਾ ਵਿੱਚ ਜ਼ਰੂਰੀ ਜੀਨ ਮਨੁੱਖੀ ਕੋਸ਼ਕਾਵਾਂ ਤਕ ਪਹੁੰਚ ਹੀ ਨਹੀਂ ਪਾ ਰਹੇ ਸਨ । ਏਡਸ ਵਾਇਰਸ ਬੜੇ ਧੋਖੇਬਾਜ਼ ਹੁੰਦੇ ਹਨ, ਉਹ ਬੜੀ ਅਸਾਨੀ ਨਾਲ ਮਨੁੱਖੀ ਸਰੀਰ ਦੀ ਇਮਿਊਨ-ਪ੍ਰਣਾਲੀ (ਸੁਰੱਖਿਅਤ ਪ੍ਰਣਾਲੀ) ਵਿੱਚੋਂ ਬਚ ਕੇ ਨਿਕਲ ਸਕਦੇ ਹਨ ਅਤੇ ਕਾਫ਼ੀ ਮਾਤਰਾ ਵਿੱਚ ਜੀਨਾਂ ਨੂੰ ਢੋਹ ਸਕਦੇ ਹਨ । ਫਿਰ ਏਡਸ ਵਾਇਰਸ ਉਸ ਸ਼੍ਰੇਣੀ ਦੇ ਹੁੰਦੇ ਹਨ ਜੋ ਵੰਡ ਕਰਨ ਯੋਗ ਕੋਸ਼ਕਾਵਾਂ ਤੇ ਕਰੋਮੋਸੋਮਸ ਵਿੱਚ ਵੀ ਜੀਨ ਪਾ ਸਕਦੇ ਹਨ । ਇਸ ਸ਼੍ਰੇਣੀ ਦੇ ਵਾਇਰਸ ਨੂੰ '**ਲੇਂਟੀਵਾਇਰਸ**' ਕਹਿੰਦੇ ਹਨ ।



ਅਮਰੀਕਾ ਦੇ 'ਨੈਸ਼ਨਲ ਇੰਸਟੀਚਿਊਟ ਆਫ਼ ਏਲਰਜੀ ਐਂਡ ਇੰਫੈਕਸ਼ਿਅਜ਼ਸ ਡਿਜ਼ੀਜ਼' ਵਿੱਚ ਪ੍ਰਯੋਗ ਕੀਤਾ ਗਿਆ ਹੈ । ਇਸ ਸੰਸਥਾਨ ਵਿੱਚ ਏਡਸ ਦੇ 14 ਮਰੀਜ਼ਾਂ ਨੂੰ ਪ੍ਰੰਪਰਾਗਤ ਪ੍ਰਮਾਣਿਕ ਦਵਾਈਆਂ ਦੇ ਇਲਾਵਾ 'ਇੰਟਰਲਿਊਕਿਨ -2' ਜਾਂ 'ਆਈ.ਐਲ - 2' ਨਾਂ ਦੀ ਦਵਾਈ ਦਿੱਤੀ ਗਈ । ਹੈਰਾਨ ਕਰ ਦੇਣ ਵਾਲਾ ਨਤੀਜਾ ਇਹ ਸਾਹਮਣੇ ਆਇਆ ਕਿ ਇਨ੍ਹਾਂ ਵਿੱਚੋਂ ਤਿੰਨ ਮਰੀਜ਼ਾਂ ਦੇ ਖ਼ੂਨ ਵਿੱਚੋਂ ਐਚ.ਆਈ.ਵੀ ਪੂਰੀ ਤਰ੍ਹਾਂ ਨਾਲ ਸਾਫ਼ ਹੋ ਗਏ ।

ਹਾਰਬਰਡ ਯੂਨੀਵਰਸਿਟੀ ਵਿੱਚ ਮੈਡੀਸਨ ਦੇ ਪ੍ਰੋਫ਼ੈਸਰ ਅਤੇ ਮੇਸਾਚੁਏਤਸ ਸਥਿੱਤ ਜੇਨੇਟਿਸ ਫਾਰਮਾਸਿਊਟਿਕਲਜ਼ ਦੇ ਪ੍ਰਮੁੱਖ ਵਿਗਿਆਨੀ ਅਫ਼ਸਰ ਡਾ. ਫਿਲਿਪ ਲੀਵਾਚ ਦਾ ਕਹਿਣਾ ਹੈ ਕਿ ਜੀਨ ਥੈਰੇਪੀ ਦੇ ਖੇਤਰ ਵਿੱਚ ਲੇਂਟੀਵਾਇਰਸ ਵੇਕਟਰਸ ਸੱਚਮੁੱਚ ਆਸਾ ਦੀ ਨਵੀਂ ਕਿਰਨ ਹੈ । ਇਹ ਪ੍ਰਾਈਵੇਟ ਕੰਪਨੀ ਜਲਦੀ ਹੀ ਐਚ.ਆਈ.ਵੀ. ਆਧਾਰਤ ਵਾਹਕ ਦੁਆਰਾ ਜੀਨ ਥੈਰੇਪੀ ਦਾ ਕੰਮ ਸ਼ੁਰੂ ਕਰਨ ਵਾਲੀ ਹੈ ।

ਡਾ. ਇੰਦਰਜੀਤ ਵਰਮਾ ਦੀ ਪ੍ਰਯੋਗਸ਼ਾਲਾ ਵਿੱਚ ਹੁਣ ਤਕ ਪੰਗੂ ਦੁਆਰਾ ਐਚ. ਆਈ.ਵੀ. ਦੇ ਰਾਹੀਂ ਚੂਹੇ ਦੇ ਦਿਮਾਗ, ਲਿਵਰ, ਮਾਸਪੇਸ਼ੀਆਂ, ਬੋਨ ਮੈਰੋ (ਹੱਡੀ ਮੱਜਾ) ਅਤੇ ਰੇਟਿਨਾ ਦੀਆਂ ਕੋਸ਼ਕਾਵਾਂ ਵਿੱਚ ਜੀਨ ਪਾਏ ਜਾ ਚੁੱਕੇ ਹਨ ਅਤੇ ਦੇਖਿਆ ਗਿਆ ਕਿ ਇਹ ਜੀਨ ਉਹਨਾਂ ਵਿੱਚ ਮਹੀਨਿਆਂ ਬੱਧੀ ਪ੍ਰਭਾਵੀ ਰਹੇ । ਬੰਦਿਆਂ ਦੇ ਮਾਮਲਿਆਂ ਵਿੱਚ ਹਾਲੇ ਵੀ ਕਲੀਨੀਕਲ ਟ੍ਰਾਇਲ ਹੋਣਾ ਅਜੇ ਬਾਕੀ ਹੈ, ਇਸ ਲਈ ਡਰ ਦੀ ਭਾਵਨਾ ਹੈ । ਕੈਲੀਫੋਰਨੀਆਂ ਯੂਨੀਵਰਸਿਟੀ ਦੇ ਵਿਗਿਆਨੀ ਪੋਸਚਲਾ ਦਾ ਕਹਿਣਾ ਹੈ ਕਿ ਐਚ. ਆਈ. ਵੀ. ਵਾਹਕ ਦਾ ਇਸਤੇਮਾਲ ਕਰਨ ਤੋਂ ਬਾਅਦ ਵੀ ਮਨੁੱਖੀ-ਕੋਸ਼ਕਾਵਾਂ ਵਿੱਚ ਜ਼ਰੂਰਤ ਅਨੁਸਾਰ ਜੀਨ ਪਾਉਣ ਵਿੱਚ ਹਾਲੇ ਬਹੁਤ ਸੰਘਰਸ਼ ਕਰਨਾ ਪਵੇਗਾ ।

ਫਿਰ ਵੀ ਡਾ. ਵਰਮਾ ਨੂੰ ਆਪਣੇ ਖੋਜ-ਪ੍ਰੋਜੈਕਟ ਉੱਤੇ ਪੂਰਾ

ਭਰੋਸਾ ਹੈ । ਉਹਨਾਂ ਦਾ ਦਾਵਾ ਹੈ ਕਿ ਉਹਨਾਂ ਦੀ ਟੀਮ ਨੇ ਏਡਸ ਵਾਇਰਸ ਦਾ ਕਾਫ਼ੀ ਅਧਿਐਨ ਕਰ ਲਿਆ ਹੈ । ਉਹ ਏਡਸ ਵਾਇਰਸ ਦੇ ਵਾਲ ਵਾਲ ਦੇ ਵਾਕਫ਼ ਹੋ ਚੁੱਕੇ ਹਨ । ਉਹਨਾਂ ਦੀ ਪ੍ਰਯੋਗਸ਼ਾਲਾ ਵਿੱਚ ਏਡਸ ਵਾਇਰਸ ਦੇ ਨੌਂ ਜੀਨਾਂ ਵਿੱਚੋਂ ਛੇ ਨੂੰ ਬਦਲਿਆ ਜਾ ਚੁੱਕਿਆ ਹੈ । ਜੀਨ ਥੈਰੇਪੀ ਵਿੱਚ ਇਕ ਜ਼ਰੂਰਤ ਇਹ ਹੁੰਦੀ ਹੈ ਕਿ ਵਾਇਰਸ ਦਾ ਪ੍ਰੋਟੀਨ ਕੋਟ ਕੀ ਹੋਵੇ ? ਇਹ ਪ੍ਰੋਟੀਨ-ਕੋਟ ਹੀ ਫ਼ੈਸਲਾ ਕਰਦਾ ਹੈ ਕਿ ਵਾਇਰਸ ਕਿਨ੍ਹਾਂ ਕਿਨ੍ਹਾਂ ਕੋਸ਼ਕਾਵਾਂ ਨੂੰ ਆਪਣਾ ਨਿਸ਼ਾਨਾ ਬਣਾ ਸਕਦਾ ਹੈ ।

ਏਡਸ ਵਾਇਰਸ ਖ਼ਾਸ ਤੌਰ 'ਤੇ 'ਟੀ-ਸੈੱਲ' ਦੇ ਰੂਪ ਵਿੱਚ ਪਹਿਚਾਣੀ ਜਾਣ ਵਾਲੀ ਸਫ਼ੈਦ ਖ਼ੂਨ ਦੀਆਂ ਕੋਸ਼ਕਾਵਾਂ ਨੂੰ ਸੰਕ੍ਰਮਿਤ ਕਰਦੇ ਹਨ; ਇਸ ਲਈ ਵਿਗਿਆਨੀਆਂ ਨੇ ਏਡਸ ਵਾਇਰਸ ਦੇ ਪ੍ਰੋਟੀਨ-ਕੋਟ ਨੂੰ ਹਟਾ ਦਿੱਤਾ ਹੈ ਅਤੇ ਇਹਨਾਂ ਦੀ ਥਾਂ ਇਕ ਪਸ਼ੂ ਦੇ ਵਾਇਰਸ ਦਾ ਪ੍ਰੋਟੀਨ-ਕੋਟ ਲਗਾ ਦਿੱਤਾ ਗਿਆ ਹੈ, ਜੋ ਤਰ੍ਹਾਂ-ਤਰ੍ਹਾਂ ਦੀਆਂ ਮਨੁੱਖੀ ਕੋਸ਼ਕਾਵਾਂ ਨੂੰ ਸੰਕ੍ਰਮਿਤ ਕਰ ਸਕਦਾ ਹੈ ।

ਵਿਗਿਆਨੀ ਏਡਸ ਵਾਇਰਸ ਦਾ ਇਲਾਜ ਲੱਭਣ ਵਿੱਚ ਲੱਗੇ ਹੋਏ ਹਨ । ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਸਰਾਪ ਨੂੰ ਵਰਦਾਨ ਵਿੱਚ ਬਦਲਿਆ ਜਾ ਸਕਦਾ ਹੈ ਕਿ ਨਹੀਂ ।

ਏਡਸ ਦੇ ਮਾਮਲੇ ਵਿੱਚ ਇਸੇ ਤਰ੍ਹਾਂ ਦੀ ਇਕ ਚਮਤਕਾਰੀ ਕੋਸ਼ਿਸ਼ ਅਮਰੀਕਾ ਦੇ 'ਨੈਸ਼ਨਲ ਇੰਸਟੀਚਿਊਟ ਆਫ ਏਲਰਜੀ ਐਂਡ ਇੰਫੈਕਸ਼ਿਅਸ ਡਿਜ਼ੀਜ਼' ਵਿੱਚ ਕੀਤੀ ਗਈ ਹੈ । ਇਸ ਸੰਸਥਾਨ ਵਿੱਚ ਏਡਸ ਦੇ 14 ਮਰੀਜ਼ਾਂ ਨੂੰ ਪ੍ਰੰਪਰਾਗਤ ਪ੍ਰਮਾਣਿਕ ਦਵਾਈਆਂ ਦੇ ਇਲਾਵਾ 'ਇੰਟਰਲਿਊਕਿਨ-2' ਜਾਂ 'ਆਈ.ਐਲ.-2' ਨਾਂ ਦੀ ਦਵਾਈ ਦਿੱਤੀ ਗਈ । ਹੈਰਾਨ ਕਰ ਦੇਣ ਵਾਲਾ ਨਤੀਜਾ ਇਹ ਸਾਹਮਣੇ ਆਇਆ ਕਿ ਇਹਨਾਂ ਵਿੱਚੋਂ ਤਿੰਨ ਮਰੀਜ਼ਾਂ ਦੇ ਖ਼ੂਨ ਵਿੱਚੋਂ ਐਚ.ਆਈ.ਵੀ. ਪੂਰੀ ਤਰ੍ਹਾਂ ਨਾਲ ਸਾਫ਼ ਹੋ ਗਏ । ਸੰਸਥਾਨ ਦੇ ਵਿਗਿਆਨਕ ਏਂਥਨੀ ਫਾਉਕੀ ਦਾ



ਕਹਿਣਾ ਹੈ ਕਿ ਠੀਕ ਹੋਏ ਇਕ ਮਰੀਜ਼ ਦੇ ਜਿਮਫ-ਨੋਡ (ਉਹ ਥਾਂ ਜਿੱਥੇ ਏਡਸ ਨਾਲ ਪੀੜਿਤ ਮਰੀਜ਼ ਵਿੱਚ ਏਡਸ ਵਾਇਰਸ ਭਾਰੀ ਤਦਾਦ ਵਿੱਚ ਮੌਜੂਦ ਰਹਿੰਦੇ ਹਨ) ਦੀ ਵਾਇਓਪਸੀ ਲਈ ਗਈ ਤਾਂ ਉਸ ਵਿੱਚ ਏਡਸ ਦਾ ਇਕ ਵੀ ਵਾਇਰਸ ਨਹੀਂ ਪਾਇਆ ਗਿਆ । ਇਸ ਦੇ ਲਈ ਬੜੀ ਬਰੀਕੀ ਨਾਲ ਨਿਰੀਖਣ ਕੀਤਾ ਗਿਆ ।

ਇਸ ਪਰਿਣਾਮ ਨਾਲ ਇਹ ਵਿਗਿਆਨੀ ਬਹੁਤ ਹੀ ਉਤਸ਼ਾਹਿਤ ਹਨ । ਹੁਣ ਉਹ ਉਹਨਾਂ ਠੀਕ ਹੋਏ ਤਿੰਨਾਂ ਮਰੀਜ਼ਾਂ ਨੂੰ ਅਤੇ ਕੁਝ ਹੋਰ ਮਰੀਜ਼ਾਂ (ਜਿਨ੍ਹਾਂ ਨੂੰ 'ਆਈ.ਐਲ.-2' ਦਿੱਤਾ ਗਿਆ ਸੀ) ਨੂੰ ਬਿਨਾਂ ਕਿਸੇ ਦਵਾਈ ਦਿੱਤਿਆਂ ਰੱਖ ਕੇ ਦੇਖਣਗੇ ਕਿ ਕੀ ਦਿਮਾਗ, ਅੰਡਕੋਸ਼ ਆਦਿ ਵਿੱਚ ਛੁਪੇ ਹੋਏ ਏਡਸ ਵਾਇਰਸ ਕਿਤੇ ਦਵਾਰਾ ਹਮਲਾ ਤਾਂ ਨਹੀਂ ਕਰਦੇ ਹਨ । ਅਸਲ ਵਿੱਚ ਪਿਛਲੇ ਸਾਲ ਕੁਝ ਮਰੀਜ਼ਾਂ ਦਾ ਪ੍ਰਮਾਣਿਕ ਦਵਾਈਆਂ ਨਾਲ ਸਫਲ ਇਲਾਜ ਕੀਤਾ ਗਿਆ ਪਰ ਡਾਕਟਰਾਂ ਨੂੰ ਨਿਰਾਸ਼ਾ ਉਦੋਂ ਹੱਥ ਲੱਗੀ ਜਦੋਂ ਉਹਨਾਂ ਨੇ ਪਾਇਆ ਕਿ ਮਰੀਜ਼ ਦੇ ਕੁਝ ਅੰਗਾਂ ਵਿੱਚ ਏਡਸ ਵਾਇਰਸ ਸਾਲਾਂ ਬੱਧੀ ਛੁਪੇ ਰਹਿੰਦੇ ਹਨ ਅਤੇ ਉਹ ਕਦੇ ਵੀ ਹਮਲਾ ਕਰ ਸਕਦੇ ਹਨ । ਇਸ ਸ਼ੰਕਾ ਨੂੰ ਖ਼ਤਮ ਕਰਨ ਲਈ ਹੀ ਇਸ ਵਾਰ ਵਿਗਿਆਨੀਆਂ ਨੇ ਪ੍ਰਮਾਣਿਕ ਦਵਾਈਆਂ ਦੇ ਇਲਾਵਾ 'ਇੰਟਰਲਿਪ-2' ਦਾ ਪ੍ਰਯੋਗ ਕੀਤਾ ਹੈ ਅਤੇ ਇਸ ਦੇ ਮੁੱਢਲੇ ਨਤੀਜਿਆਂ ਤੋਂ ਉਹ ਇਕ ਦਮ ਉਤਸ਼ਾਹਿਤ ਹਨ । ਡਾਕਟਰਾਂ ਦੀ ਕੋਸ਼ਿਸ਼ ਇਹ ਹੈ ਕਿ ਜਿਨ੍ਹਾਂ ਅੰਗਾਂ ਦੀਆਂ ਅਚੇਤਨ ਕੋਸ਼ਕਾਵਾਂ ਵਿੱਚ ਏਡਸ ਵਾਇਰਸ ਛੁਪੇ ਹੁੰਦੇ ਹਨ ਉਹਨਾਂ ਕੋਸ਼ਕਾਵਾਂ ਨੂੰ ਜਾਗ੍ਰਤ ਕਰ ਕੇ ਏਡਸ ਵਾਇਰਸ ਦਾ ਉੱਥੇ ਹੀ ਖ਼ਾਤਮਾ ਕਰ ਦਿੱਤਾ ਜਾਏ ।

ਜਿਨ੍ਹਾਂ ਤਿੰਨ ਮਰੀਜ਼ਾਂ ਦਾ ਸਫਲ ਇਲਾਜ ਹੋ ਗਿਆ ਹੈ ਉਹਨਾਂ ਵਿੱਚੋਂ ਇਕ ਹੈ ਨਿਉ ਆਰਲੀਅੰਸ ਦਾ ਮਾਰਕ ਡੀਲ । ਡੀਲ ਦਾ ਕਹਿਣਾ ਹੈ ਕਿ 'ਆਈ.ਐਲ.-2' ਦੇ ਕੁਝ ਸਾਈਡ ਇਫੈਕਟ ਵੀ ਹਨ;

ਜਿਵੇਂ ਜ਼ਬਰਦਸਤ ਫਲੂ ਦਾ ਰੋਗ ਹੁੰਦਾ ਹੈ, ਕਾਫ਼ੀ ਤੇਜ਼ ਬੁਖ਼ਾਰ ਰਹਿੰਦਾ ਹੈ, ਪੂਰਾ ਸਰੀਰ ਬੁਰੀ ਤਰ੍ਹਾਂ ਨਾਲ ਕੰਬਦਾ ਰਹਿੰਦਾ ਹੈ ਅਤੇ ਨਾ ਸਹਾਰੀ ਜਾਣ ਵਾਲੀ ਸਿਰਦਰਦ ਹੁੰਦੀ ਹੈ । ਫਿਰ ਵੀ ਇਹ ਸਾਰਾ ਕੁਝ ਸਹਿਣ ਕਰਨ ਦੇ ਯੋਗ ਹੁੰਦਾ ਹੈ ।

ਪਰ ਜਾਨਸ ਹਾਪਫਿਨਸ ਯੂਨੀਵਰਸਿਟੀ ਦੇ ਏਡਸ ਦੇ ਮਾਹਿਰ ਰਾਬਰਟ ਸਿਲਿਸਿਆਨੋ ਦਾ ਕਹਿਣਾ ਹੈ ਕਿ "ਜੇਕਰ ਤੁਸੀਂ ਮਨੁੱਖਾ ਸਰੀਰ ਤੋਂ 300 ਕਰੋੜ ਕੋਸ਼ਕਾਵਾਂ ਨੂੰ ਵੀ ਬਾਹਰ ਕੱਢ ਦਿਓ ਤਾਂ ਵੀ ਏਡਸ ਦੇ ਕੁਝ ਕੁ ਵਿਸ਼ਾਣੂ ਸਰੀਰ ਵਿੱਚ ਬਚੇ ਰਹਿ ਸਕਦੇ ਹਨ । ਇਸ 'ਆਈ.ਐਲ.-2' ਦੇ ਮੌਜੂਦਾ ਨਤੀਜੇ ਦੇ ਆਧਾਰ 'ਤੇ ਪੱਕੇ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ ।"

ਫਿਰ ਵੀ ਏਡਸ ਵਰਗੇ ਪ੍ਰਾਣਘਾਤਕ ਅਤੇ ਲਾਇਲਾਜ ਰੋਗ ਨੂੰ ਰੋਕਣ ਲਈ ਦੁਨੀਆਂ ਭਰ ਦੇ ਵਿਗਿਆਨੀ ਜੁੱਟੇ ਹੋਏ ਹਨ । ਜਦੋਂ ਤਕ ਪੂਰੀ ਤਰ੍ਹਾਂ ਨਾਲ ਇਸ ਦਾ ਇਲਾਜ ਸਾਹਮਣੇ ਨਹੀਂ ਆਉਂਦਾ, ਏਡਸ ਦੇ ਖਿਲਾਫ਼ 'ਸਾਵਧਾਨੀ ਅਤੇ ਬਚਾਉ' ਦੇ ਢੰਗਾਂ ਨਾਲ ਹੀ ਨਜਿੱਠਿਆ ਜਾ ਸਕਦਾ ਹੈ ।

–ਨਵ ਭਾਰਤ ਟਾਈਮਜ਼, ੭ ਫ਼ਰਵਰੀ ੧੯੯੯



# ਏਡਸ ਦਾ ਵਧਦਾ ਆਤੰਕ

–ਸੁਧੀਰ ਪਾਂਡੇ

ਲਗਭਗ ਇਕ ਦਹਾਕੇ ਤਕ ਲਗਾਤਾਰ ਵਾਧੇ ਤੋਂ ਬਾਅਦ ਪਹਿਲੀ ਵਾਰ ਪਿਛਲੇ ਸਾਲ ਏਡਸ ਨਾਲ ਮਰਨ ਵਾਲਿਆਂ ਦੀ ਗਿਣਤੀ ਵਿੱਚ ਗਿਰਾਵਟ ਆਈ ਹੈ । ਪਰ ਇਹ ਗਿਰਾਵਟ ਕੇਵਲ ਅਮਰੀਕਾ, ਬ੍ਰਿਟੇਨ ਅਤੇ ਫ਼ਰਾਂਸ ਵਰਗੇ ਵਿਕਸਿਤ ਦੇਸ਼ਾਂ ਵਿੱਚ ਹੀ ਦਰਜ ਕੀਤੀ ਗਈ ਹੈ । ਭਾਰਤ ਸਮੇਤ ਹੋਰ ਕਈ ਵਿਕਾਸ਼ਸ਼ੀਲ ਦੇਸ਼ਾਂ ਜਿੱਥੇ ਵਿਸ਼ਵ ਦੀ ਸਭ ਤੋਂ ਜ਼ਿਆਦਾ ਅਬਾਦੀ ਵੱਸਦੀ ਹੈ ਵਿੱਚ ਹਾਲੇ ਵੀ ਵਿਗੜਦੀ ਜਾ ਰਹੀ ਹੈ । ਸੰਯੁਕਤ ਰਾਸ਼ਟਰ ਸੰਘ ਦੁਆਰਾ ਸ਼ੁਰੂ ਕੀਤੇ ਗਏ ਕੰਮ 'ਯੂ. ਐਨ.ਏਡਸ' ਦੇ ਮੁਤਬਕ ਸੰਨ 1980 ਤੋਂ ਲੈ ਕੇ ਹੁਣ ਤਕ ਲਗਭਗ 4 ਕਰੋੜ ਬੰਦੇ ਐਚ.ਆਈ.ਵੀ. ਜਾਂ ਏਡਸ ਵਿਸ਼ਾਣੂਆਂ ਨਾਲ ਗ੍ਰਸਤ ਪਾਏ ਗਏ ਹਨ । ਅੰਦਾਜ਼ਾ ਹੈ ਕਿ ਇਕੱਲੇ ਭਾਰਤ ਵਿੱਚ ਹੀ ਲੱਗਭੱਗ 45 ਲੱਖ ਬੰਦੇ ਏਡਸ ਵਿਸ਼ਾਣੂਆਂ ਨਾਲ ਗ੍ਰਸਤ ਹਨ ਜਦ ਕਿ ਅੱਜ ਤੋਂ ਸਿਰਫ਼ 12 ਸਾਲ ਪਹਿਲਾਂ ਹੀ ਏਡਸ ਦਾ ਪਹਿਲਾ ਰੋਗੀ ਭਾਰਤ ਵਿੱਚ ਪਾਇਆ ਗਿਆ ਸੀ ।

'ਯੂ. ਐਨ. ਏਡਸ' ਦੇ ਅਨੁਸਾਰ ਸੰਨ 1980 ਤੋਂ ਹੁਣ ਤਕ ਏਡਸ ਨਾਲ ਮਰਨ ਵਾਲਿਆਂ ਦੀ ਗਿਣਤੀ 12 ਲੱਖ ਤੋਂ ਉੱਪਰ ਪੁੱਜ ਗਈ ਹੈ ਅਤੇ ਲੱਗਭੱਗ 80 ਲੱਖ ਲੋਕਾਂ ਨੂੰ ਲਾਵਾਰਸਾਂ ਦੀ ਤਰ੍ਹਾਂ ਜੀਵਨ ਗੁਜ਼ਾਰਨਾ ਪੈ ਰਿਹਾ ਹੈ । ਜੇਕਰ ਸਾਲ 1997-98 ਉੱਤੇ ਹੀ ਝਾਤੀ ਮਾਰੀਏ ਤਾਂ ਇਸ ਦੌਰਾਨ ਵੀ ਐਚ.ਆਈ.ਵੀ. ਨਾਲ ਗ੍ਰਸਤ ਹੋਣ ਵਾਲੇ ਲੋਕਾਂ ਦੀ ਗਿਣਤੀ ਲੱਗਭੱਗ 60 ਲੱਖ ਰਹੀ ਹੈ ।

ਏਡਸ ਦੀ ਇਸ ਡਰਾਵਣੀ ਤਸਵੀਰ ਦੇ ਨਾਲ ਹੀ ਕੁਝ ਕੌੜੀ ਸੱਚਾਈ ਵੀ ਸਾਹਮਣੇ ਆਈ ਹੈ । ਏਡਸ ਦੇ ਵਿਰੁੱਧ ਚਲ ਰਹੀ ਜੰਗ ਨੂੰ ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਅਲੱਗ-ਅਲੱਗ ਤਰੀਕਿਆਂ ਨਾਲ ਲੜਿਆ ਜਾ ਰਿਹਾ ਹੈ । ਅੱਜ ਏਡਸ ਪੀੜਿਤਾਂ ਦਾ 90 ਪ੍ਰਤੀਸ਼ਤ

ਹਿੱਸਾ ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਵਿੱਚ ਰਹਿ ਰਿਹਾ ਹੈ ਪਰ ਇਸ ਤੋਂ ਬਚਣ ਲਈ 90 ਪ੍ਰਤੀਸ਼ਤ ਤੋਂ ਜ਼ਿਆਦਾ ਪੂੰਜੀ ਵਿਕਸਿਤ ਦੇਸ਼ਾਂ ਵਿੱਚ ਖ਼ਰਚ ਕੀਤੀ ਜਾ ਰਹੀ ਹੈ । ਇਹ ਹੀ ਕਾਰਨ ਹੈ ਕਿ ਹਰ ਸਾਲ ਇਕ ਏਡਸ ਰੋਗੀ ਉੱਤੇ ਲੱਗਭੱਗ 6 ਲੱਖ ਰੁਪਏ ਖ਼ਰਚ ਕਰਨ ਦੇ ਬਾਵਜੂਦ ਵੀ ਇਸ ਦਾ ਬਹੁਤ ਘੱਟ ਲਾਭ ਭਾਰਤ ਵਰਗੇ ਦੇਸ਼ਾਂ ਦੇ ਰੋਗੀਆਂ ਨੂੰ ਮਿਲ ਰਿਹਾ ਹੈ ।

ਪਿਛਲੇ ਕੁਝ ਸਾਲਾਂ ਵਿੱਚ ਭਾਰਤ ਸਮੇਤ ਦੱਖਣ-ਪੂਰਬੀ ਏਸ਼ੀਆ ਦੇ ਹੋਰ ਦੇਸ਼ਾਂ ਅਤੇ ਅਫ਼ਰੀਕਾ ਦੇ ਸਹਾਰਾ ਖੇਤਰ ਵਿੱਚ ਏਡਸ ਕਾਫ਼ੀ ਤੇਜ਼ੀ ਨਾਲ ਪਸਰਿਆ ਹੈ । ਭਾਰਤ ਵਿੱਚ ਕੰਮ ਕਰ ਰਹੀ ਸੰਸਥਾ 'ਨੈਸ਼ਨਲ ਏਡਸ ਕੰਟਰੋਲ ਆਰਗੇਨਾਈਜੇਸ਼ਨ' (ਨਾਕੋ) ਤੋਂ ਮਿਲੀਆਂ ਜਾਣਕਾਰੀਆਂ ਦੇ ਅਨੁਸਾਰ ਭਾਰਤ ਵਿੱਚ ਏਡਸ ਦੇ ਮਾਮਲੇ ਲਗਾਤਾਰ ਵਧ ਰਹੇ ਹਨ । ਸੰਨ 1986 ਵਿੱਚ ਜਿੱਥੇ ਏਡਸ ਦੇ ਕੇਵਲ 6 ਮਾਮਲਿਆਂ ਦਾ ਪਤਾ ਚੱਲਿਆ ਸੀ, ਉੱਥੇ ਸੰਨ 1998 ਦੇ ਖ਼ਤਮ ਹੁੰਦੇ-ਹੁੰਦੇ ਇਹ ਗਿਣਤੀ 6693 ਤਕ ਜਾ ਪਹੁੰਚੀ ਹੈ । ਸਪੱਸ਼ਟ ਹੈ ਕਿ ਭਾਰਤ ਵਿੱਚ ਏਡਸ ਦੀ ਸਥਿਤੀ ਲਗਾਤਾਰ ਖ਼ਰਾਬ ਹੁੰਦੀ ਜਾ ਰਹੀ ਹੈ । ਇੱਥੇ ਹਾਲੇ ਵੀ ਅਸੁਰੱਖਿਅਤ-ਸੈਕਸ-ਸੰਬੰਧ ਬਣਾਉਣ ਕਰਕੇ ਹੀ ਏਡਸ ਪੀੜਿਤਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ । ਸਮੱਸਿਆ ਦੀ ਇਸ ਗੰਭੀਰਤਾ ਨੂੰ ਸੰਕ੍ਰਮਿਤ ਖ਼ੂਨ ਦੀ ਅਪੂਰਤੀ ਹੋਰ ਜ਼ਿਆਦਾ ਵਧਾ ਰਹੀ ਹੈ । ਇਹ ਹੀ ਹਾਲ ਅਫ਼ਰੀਕਾ ਦਾ ਹੈ । 'ਯੂ.ਐਨ.ਏਡਸ' ਦੇ ਮੁਤਾਬਕ ਅਫ਼ਰੀਕਾ ਵਿੱਚ ਔਰਤਾਂ ਅਤੇ ਬੱਚਿਆਂ ਨੂੰ ਚੜ੍ਹਾਏ ਜਾਣ ਵਾਲੇ 25 ਲੱਖ ਯੂਨਿਟ ਖ਼ੂਨ ਦਾ ਲੱਗਭੱਗ ਇਕ-ਚੌਥਾਈ ਖ਼ੂਨ ਬਿਨਾਂ 'ਐਚ.ਆਈ.ਵੀ' ਦੀ ਜਾਂਚ ਕੀਤਿਆਂ ਚੜ੍ਹਾਇਆ ਜਾ ਰਿਹਾ ਹੈ । 'ਨਾਕੋ' ਦੀ ਇਕ ਰਿਪੋਰਟ ਦੇ ਮੁਤਾਬਕ ਭਾਰਤ ਵਿੱਚ ਵਧ ਰਹੇ ਏਡਸ ਮਾਮਲਿਆਂ ਵਿੱਚ ਲੱਗਭੱਗ ਪ੍ਰਤੀਸ਼ਤ ਹਿੱਸਾ ਡ੍ਰੱਗਜ਼ ਜਾਂ ਨਸ਼ੀਲੀਆਂ ਦਵਾਈਆਂ ਦਾ ਸੇਵਨ ਕਰਨ ਵਾਲਿਆਂ ਦੁਆਰਾ ਆਪਸ ਵਿੱਚ ਇਕ ਹੀ ਸੂਈ ਦਾ ਸੇਵਨ ਕਰਨਾ ਵੀ ਹੈ ।



ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਦੀਆਂ ਗੱਲਾਂ ਛੱਡ ਕੇ ਜੇ ਅਸੀਂ ਕਿਸੇ ਖ਼ਾਸ ਰਾਸ਼ਟਰ ਦੇ ਅੰਦਰ ਝਾਤ ਮਾਰੀਏ ਤਾਂ ਏਡਸ ਦੇ ਵਾਧੇ ਵਿੱਚ ਸਪੱਸ਼ਟ ਅੰਤਰ ਨਜ਼ਰ ਆਉਂਦਾ ਹੈ । ਏਡਸ ਨਾਲ ਪੀੜਿਤ ਜ਼ਿਆਦਾਤਰ ਲੋਕ ਇੱਦਾਂ ਦੇ ਹਨ ਜਿਨ੍ਹਾਂ ਦੇ ਮਨੁੱਖੀ-ਅਧਿਕਾਰਾਂ ਦਾ ਉਲੰਘਣ ਕਿਸੇ ਨਾ ਕਿਸੇ ਰੂਪ ਵਿੱਚ ਹੁੰਦਾ ਆਇਆ ਹੈ । ਇਹ ਗੱਲ ਵੀ ਸਾਹਮਣੇ ਆਈ ਹੈ ਕਿ ਏਡਸ ਦੁਆਰਾ ਮੁੱਢਲੇ ਤੌਰ 'ਤੇ ਸ਼ਿਕਾਰ ਹੋਏ ਵਿਅਕਤੀਆਂ ਵਿੱਚ ਸੰਕ੍ਰਮਣ ਦਾ ਫੈਲਾਅ ਸਮਾਜ ਦੇ ਹਾਸ਼ੀਏ 'ਤੇ ਰਹਿ ਰਹੇ ਲੋਕਾਂ ਅਤੇ ਸ਼ੋਸ਼ਿਤਾਂ ਦੀ ਤਰਫ਼ ਤੇਜ਼ੀ ਨਾਲ ਹੋਇਆ ਹੈ । ਲੋਕ ਵੀ ਆਪਣੀ ਨਸਲ, ਜ਼ਾਤ, ਲਿੰਗ, ਸਮਾਜਿਕ, ਆਰਥਿਕ, ਸੰਸਕ੍ਰਿਤਕ ਜਾਂ ਰਾਜਨੀਤਕ ਸਥਿਤੀ ਤੋਂ ਪੱਛੜੇ ਹੋਣ ਦੇ ਕਾਰਨ ਸ਼ੋਸ਼ਿਤ ਜਾਂ ਵੇਮੁੱਖ ਹਨ । ਉਹ ਹੀ ਏਡਸ ਵਰਗੀ ਘਾਤਕ ਬਿਮਾਰੀ ਤੋਂ ਬਚਣ ਸੰਬੰਧੀ ਸੂਚਨਾਵਾਂ ਅਤੇ ਸਿਹਤ ਸੇਵਾਵਾਂ ਤੋਂ ਵੀ ਵੰਚਿਤ ਹਨ । ਅਜਿਹੇ ਲੋਕ ਹੀ ਸਮਾਜ ਵਿੱਚ ਯੌਨ-ਸ਼ੋਸ਼ਣ ਦੇ ਜ਼ਿਆਦਾਤਰ ਸ਼ਿਕਾਰ ਬਣ ਰਹੇ ਹਨ ਅਤੇ ਨਾਲ ਹੀ ਬਿਨਾਂ ਕਾਰਨ ਏਡਸ ਨਾਲ ਗ੍ਰਸਤ ਹੋ ਰਹੇ ਹਨ । 'ਨਾਕੋ' ਦੀ ਇਕ ਰਿਪੋਰਟ ਅਨੁਸਾਰ ਸੰਨ 1986-1993 ਦੇ ਦੌਰਾਨ ਭਾਰਤ ਵਿੱਚ ਐਚ. ਆਈ.ਵੀ. ਦਾ ਸ਼ਹਿਰੀ ਅਤੇ ਪੇਂਡੂ ਅਨੁਪਾਤ 4:1 ਸੀ ਲੇਕਿਨ ਪੰਜਾਂ ਸਾਲਾਂ ਵਿੱਚ ਇਹ ਕਾਫ਼ੀ ਤੇਜ਼ੀ ਨਾਲ ਪੇਂਡੂ ਖੇਤਰ ਵੱਲ ਵਧਿਆ ਹੈ । ਪ੍ਰਸਾਰ ਦੀ ਇਹ ਰਫ਼ਤਾਰ ਜਨ-ਜਾਤੀ ਖੇਤਰਾਂ ਵੱਲ ਹੋਰ ਤੇਜ਼ ਹੋਈ ਹੈ । ਸਪੱਸ਼ਟ ਹੈ ਕਿ ਅੱਜ ਵੀ ਭਾਰਤ ਦੇ ਪੇਂਡੂ ਅਤੇ ਜਨ-ਜਾਤੀ ਖੇਤਰ ਕਾਫ਼ੀ ਪੱਛੜੇ ਹਨ ਅਤੇ ਇਸ ਦੇ ਬਚਾਉ ਸੰਬੰਧੀ ਸੂਚਨਾਵਾਂ ਅਤੇ ਸਿਹਤ ਸੇਵਾਵਾਂ ਤੋਂ ਵੰਚਿਤ ਹਨ ।

ਪੂਰੇ ਵਿਸ਼ਵ ਵਿੱਚ ਏਡਸ ਪੀੜਿਤ ਔਰਤਾਂ ਦੀ ਹਿੱਸੇਦਾਰੀ ਲਗਭਗ 40 ਪ੍ਰਤੀਸ਼ਤ ਹੈ । ਭਾਰਤ ਵਿੱਚ ਔਰਤਾਂ ਦਾ ਇਹ ਪ੍ਰਤੀਸ਼ਤ ਲੱਗਭੱਗ 22 ਹੈ । ਔਰਤਾਂ ਦਾ ਮਨੁੱਖੀ-ਅਧਿਕਾਰ ਕਿਸੇ ਕੋਲੋਂ ਛੁਪਿਆ ਹੋਇਆ ਨਹੀਂ ਹੈ । ਇਹ ਔਰਤਾਂ ਇੰਨੀਆਂ ਦੱਬੀਆਂ ਹੋਈਆਂ ਹਨ

ਕਿ ਸੁਰੱਖਿਅਤ ਯੌਨ-ਸੰਬੰਧਾਂ ਦੀ ਖ਼ਾਤਰ ਕੰਡੋਮ ਦੇ ਪ੍ਰਯੋਗ 'ਤੇ ਵੀ ਜ਼ਿੱਦ ਨਹੀਂ ਕਰ ਪਾਉਂਦੀਆਂ । ਕਦੇ ਕੋਈ ਬਲਾਤਕਾਰ ਦੀ ਸ਼ਿਕਾਰ ਹੋ ਗਈ ਤਾਂ ਇਹ ਵੀ ਪਤਾ ਨਹੀਂ ਰਹਿੰਦਾ ਕਿ ਬਲਾਤਕਾਰੀ ਐਚ.ਆਈ. ਵੀ. ਨਾਲ ਪੀੜਿਤ ਸੀ ਜਾਂ ਨਹੀਂ । ਹਾਲਾਤ ਸਾਹਮਣੇ ਹਨ । 'ਨਾਕੋ' ਦੇ ਅਧਿਐਨਾਂ ਦੇ ਅਨੁਸਾਰ ਪਿਛਲੇ ਕੁਝ ਸਾਲਾਂ ਤੋਂ ਬੱਚਾ ਪੈਦਾ ਹੋਣ ਤੋਂ ਪਹਿਲਾਂ ਆ ਰਹੀ ਔਰਤਾਂ ਵਿੱਚ ਐਚ.ਆਈ.ਵੀ. ਪਾਜੇਟਿਵ ਟੈਸਟ ਲਗਾਤਾਰ ਵਧ ਰਹੇ ਹਨ । ਇਸ ਕਾਰਨ 'ਯੂ.ਐਨ. ਏਡਸ' ਨੇ ਆਪਣੇ ਏਡਸ ਵਿਰੋਧੀ ਅਭਿਆਨ ਵਿੱਚ ਹੁਣ ਮਨੁੱਖੀ ਅਧਿਕਾਰ ਬਹਾਲ ਕਰਨ ਦਾ ਮੁੱਦਾ ਪਹਿਲ ਦੇ ਆਧਾਰ 'ਤੇ ਸ਼ਾਮਲ ਕੀਤਾ ਹੈ ।

ਮੌਜੂਦਾ ਸਥਿਤੀ ਨੂੰ ਦੇਖਦੇ ਹੋਏ ਤਾਂ ਅਜਿਹਾ ਲੱਗ ਰਿਹਾ ਹੈ ਕਿ ਇਸ ਮਹਾਮਾਰੀ ਦਾ ਪ੍ਰਕੋਪ ਫਿਲਹਾਲ ਭਾਰਤ ਵਰਗੇ ਵਿਕਾਸਸ਼ੀਲ ਅਤੇ ਗ਼ਰੀਬ ਦੇਸ਼ਾਂ ਵਿੱਚ ਹੀ ਕੇਂਦਰਤ ਰਹੇਗਾ ਅਤੇ ਵਧੇਗਾ । ਇੱਕੀਵੀਂ ਸਦੀ ਆਉਂਦਿਆਂ ਆਉਂਦਿਆਂ ਏਡਸ ਕਹਿਰ ਉਹਨਾਂ ਥਾਵਾਂ ਤਕ ਪਹੁੰਚ ਜਾਵੇਗਾ ਜਿੱਥੇ ਇਸ ਨੂੰ ਹਾਲੇ ਤਕ ਠੀਕ ਤਰ੍ਹਾਂ ਨਾਲ ਪਹਿਚਾਣਿਆ ਵੀ ਨਹੀਂ ਗਿਆ ਹੈ । ਜਨ-ਸੰਖਿਆ ਦੇ ਕੁਝ ਖ਼ਾਸ ਹਿੱਸਿਆਂ ਵਿੱਚ ਏਡਸ ਦੇ ਫੈਲਾਉ ਵਿੱਚ ਕਮੀ ਤਾਂ ਆਏਗੀ ਪਰ ਪੀੜਿਤਾਂ ਦੇ ਵਿਚਕਾਰ ਇਸ ਵੱਲੋਂ ਤਬਾਹੀ ਮਚਾਏ ਜਾਣ ਦੀ ਸੰਭਾਵਨਾ ਬਣੀ ਰਹੇਗੀ । ਸਪੱਸ਼ਟ ਹੈ ਕਿ ਜਿਵੇਂ ਜਿਵੇਂ ਏਡਸ ਪੀੜਿਤਾਂ ਦੀ ਤਾਦਾਦ ਵਧੇਗੀ, ਉਹਨਾਂ ਦੀ ਦੇਖਭਾਲ ਅਤੇ ਦਵਾਦਾਰੂ ਦਾ ਖ਼ਰਚ ਵੀ ਵਧਦਾ ਜਾਵੇਗਾ ।

ਅੱਜ ਕਿਉਂਕਿ ਇਸ ਘਾਤਕ ਬਿਮਾਰੀ ਤੋਂ ਬਚਣ ਲਈ ਕਿਸੇ ਪ੍ਰਕਾਰ ਦਾ ਟੀਕਾ ਮੌਜੂਦ ਨਹੀਂ ਹੈ ਅਤੇ ਨਾ ਹੀ ਇਸ ਤੋਂ ਛੁਟਕਾਰਾ ਪਾਉਣ ਦੀ ਕੋਈ ਦਵਾਈ ਹੀ ਬਣੀ ਹੈ ਇਸ ਲਈ ਫਿਲਹਾਲ ਸਾਰਿਆਂ ਨੂੰ 'ਬਚਾਅ ਵਿਚ ਹੀ ਬਚਾਅ ਹੈ' ਦਾ ਮੰਤਰ ਅਪਨਾਉਣਾ ਪਏਗਾ ।

ਨਵਭਾਰਤ ਟਾਈਮਜ਼, 7 ਫ਼ਰਵਰੀ, 1998



# ਏਡਸ ਦੇ ਰੋਗੀਆਂ ਨੂੰ ਪਿਆਰ ਦੇਣ ਦੀ ਜ਼ਰੂਰਤ ਹੈ

-ਡਾ: ਰੋਹਿਤ ਸੋਬਤੀ

ਰਾਜਧਾਨੀ ਦਿੱਲੀ ਵਿੱਚ ਨੈਸ਼ਨਲ ਚੈਸਟ ਇੰਸਟੀਚਿਊਟ ਦੇ ਡਾ. ਰੋਹਿਤ ਸੋਬਤੀ ਏਡਸ ਰੋਗੀਆਂ ਦੇ ਲਈ ਇਕ ਅਲੱਗ ਤਰ੍ਹਾਂ ਦੀ ਯੋਜਨਾ 'ਤੇ ਕੰਮ ਕਰ ਰਹੇ ਹਨ । ਉਹ ਚੈਸਟ ਇੰਸਟੀਚਿਊਟ ਵਿੱਚ ਇਕ ਅਲੱਗ ਹਿੱਸਾ ਬਣਾ ਰਹੇ ਹਨ ਜਿੱਥੇ ਏਡਸ ਦੇ ਰੋਗੀਆਂ ਦਾ ਮੁਫ਼ਤ ਇਲਾਜ ਹੋ ਸਕੇ । ਕੁਝ ਸਮਾਂ ਪਹਿਲਾਂ ਸ਼ਾਬਾਨਾ ਆਜ਼ਮੀ ਨੇ ਇਸ ਹਿੱਸੇ ਦੀ ਨੀਂਹ ਰੱਖੀ ਸੀ । ਜਲਦੀ ਹੀ ਇਹ ਹਿੱਸਾ ਬਣਕੇ ਤਿਆਰ ਹੋ ਜਾਵੇਗਾ । ਡਾ: ਸੋਬਤੀ ਨਾਲ ਏਡਸ ਅਤੇ ਉਸ ਦੇ ਇਲਾਜ ਦੇ ਸੰਬੰਧ ਵਿੱਚ ਉਹਨਾਂ ਦੀ ਯੋਜਨਾ ਉੱਤੇ ਉਹਨਾਂ ਨਾਲ ਕੀਤੀ ਗੱਲਬਾਤ ਦੇ ਅੰਸ਼ :

ਅੱਜ ਦੁਨੀਆਂ ਵਿੱਚ ਸਾਢੇ ਤਿੰਨ ਕਰੋੜ ਬੰਦੇ ਏਡਸ ਦੇ ਸ਼ਿਕਾਰ ਹਨ । ਭਾਰਤ ਵਿੱਚ ਲੱਗਭੱਗ ਅੱਧਾ ਕਰੋੜ ਏਡਸ ਦੇ ਰੋਗੀ ਹਨ । ਅੱਜ ਤਕ ਡਾਕਟਰ ਏਡਸ ਦਾ ਇਲਾਜ ਨਹੀਂ ਲੱਭ ਸਕੇ । ਉਮੀਦ ਹੈ ਕਿ ਅਗਲੇ ਦਸਾਂ ਸਾਲਾਂ ਵਿੱਚ ਏਡਸ ਦਾ ਟੀਕਾ ਖੋਜ ਲਿਆ ਜਾਵੇਗਾ । ਲੇਕਿਨ ਵਰਤਮਾਨ ਸਥਿਤੀ ਵਿੱਚ ਤਾਂ ਸਾਵਧਾਨੀ ਹੀ ਇਸ ਦਾ ਇਲਾਜ ਹੈ । ਇਸ ਲਈ ਏਡਸ ਦੇ ਬਾਰੇ ਵਿੱਚ ਅੱਜ ਲੋਕਾਂ ਨੂੰ ਸਿੱਖਿਅਤ ਕਰਨਾ ਬਹੁਤ ਹੀ ਜ਼ਰੂਰੀ ਹੈ । ਲੋਕਾਂ ਨੂੰ ਸੁਰੱਖਿਅਤ ਕਰਨ ਦੇ ਨਾਲ ਨਾਲ ਅੱਜ ਇਹ ਗੱਲ ਵੀ ਬਹੁਤ ਜ਼ਰੂਰੀ ਹੈ ਕਿ 'ਹਾਈ ਰਿਸਕ ਗਰੁੱਪ' ਨੂੰ ਵਿਵਹਾਰ ਵਿੱਚ ਪਰਿਵਰਤਨ ਲਿਆਉਣ ਲਈ ਪ੍ਰੇਰਤ ਕੀਤਾ ਜਾਵੇ । ਸੈਕਸ-ਵਰਕਰਾਂ ਅਤੇ ਟਰੱਕ ਡਰਾਈਵਰਾਂ ਨੂੰ ਸੁਰੱਖਿਅਤ ਸਰੀਰਿਕ-ਸੰਬੰਧ ਬਣਾਉਣ ਲਈ ਪ੍ਰੇਰਤ ਕਰਨ ਦੀ ਜ਼ਰੂਰਤ ਹੈ । ਕਿਸੇ ਵੀ ਹਾਲਾਤ ਵਿੱਚ ਸਿਰਿੰਜ (ਸੂਈ) ਨਾ ਵੰਡੋ । ਜਿਨ੍ਹਾਂ ਲੋਕਾਂ ਨੂੰ ਕਿਸੇ ਬਿਮਾਰੀ ਦੇ ਕਾਰਨ ਵਾਰ-ਵਾਰ ਖ਼ੂਨ ਦੀ ਜ਼ਰੂਰਤ ਹੁੰਦੀ ਹੈ ਉਹਨਾਂ ਨੂੰ ਚਾਹੀਦਾ ਹੈ ਕਿ ਉਹ ਖ਼ੂਨ ਦੀ ਚੰਗੀ ਤਰ੍ਹਾਂ ਜਾਂਚ ਪੜਤਾਲ ਤੋਂ ਬਾਅਦ ਹੀ ਖ਼ੂਨ ਪ੍ਰਾਪਤ ਕਰਨ ।

ਏਡਸ ਦੇ ਵਿਸ਼ਾਣੂ, ਖ਼ਾਸ ਤੌਰ ’ਤੇ ਦੂਜੇ ਦਾ ਖ਼ੂਨ ਚੜਾਉਣ ਨਾਲ, ਏਡਸ ਪੀੜਿਤ ਨਾਲ ਸੈਕਸ-ਸੰਬੰਧ ਬਣਾਉਣ ਨਾਲ ਅਤੇ ਏਡਸ ਪੀੜਿਤ ਮਾਤਾ-ਪਿਤਾ ਤੋਂ ਬੱਚਿਆਂ ਦੇ ਸਰੀਰ ਵਿੱਚ ਦਾਖ਼ਲ ਹੋ ਜਾਂਦੇ ਹਨ । ਡਬਲਿਊ.ਐਚ.ਓ.,‘ਯੂ.ਐਨ.ਏਡਸ’ ਅਤੇ ‘ਬਲੱਡ ਬੈਂਕ’ ਏਡਸ ਖ਼ਾਤਮੇ ਲਈ ਲਗਾਤਾਰ ਯਤਨਸ਼ੀਲ ਹਨ । ਇਹਨਾਂ ਸੰਸਥਾਵਾਂ ਦਾ ਧਿਆਨ ਇਸ ਗੱਲ ਉੱਤੇ ਹੈ ਕਿ ਏਡਸ ਨਾ ਹੋਵੇ, ਇਸ ਦੇ ਲਈ ਕੀ ਕਰਨਾ ਚਾਹੀਦਾ ਹੈ ? ਉਨ੍ਹਾਂ ਦਾ ਧਿਆਨ ਇਸ ਗੱਲ ਵੱਲ ਨਹੀਂ ਹੈ ਕਿ ਜਿਨ੍ਹਾਂ ਨੂੰ ਏਡਸ ਹੋ ਚੁੱਕਿਆ ਹੈ ਉਹਨਾਂ ਪੀੜਿਤ ਰੋਗੀਆਂ ਨੂੰ ਕਿਵੇਂ ਏਡਸ ਤੋਂ ਮੁਕਤ ਕੀਤਾ ਜਾਵੇ । ਉਦਾਹਰਣ ਦੇ ਤੌਰ ’ਤੇ ਜਿਨ੍ਹਾਂ ਨੂੰ ਏਡਸ ਹੁੰਦਾ ਹੈ ਉਹ ਅੰਡਰ-ਗਰਾਊਂਡ ਹੋ ਜਾਂਦੇ ਹਨ ਅਤੇ ਇਹ ਮਾਰੂ ਬਿਮਾਰੀ ਫੈਲਦੀ ਰਹਿੰਦੀ ਹੈ । ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਅਸੀਂ ਉਹਨਾਂ ਲੋਕਾਂ ਉੱਤੇ ਆਪਣਾ ਧਿਆਨ ਕੇਂਦ੍ਰਿਤ ਕੀਤਾ ਹੋਇਆ ਹੈ ਜਿਹੜੇ ਏਡਸ ਨਾਲ ਪੀੜਿਤ ਹਨ । ਅਸੀਂ ਰਿਚਰਡ ਗਿਅਰ ਦੀ ਪ੍ਰੇਰਨਾ ਨਾਲ ਆਪਣੀ ਸੰਸਥਾ ਵਿੱਚ ਹੀ ਇਕ ਅਲੱਗ ਹਿੱਸੇ ਦੇ ਨਿਰਮਾਣ ਦੀ ਸ਼ੁਰੂਆਤ ਕੀਤੀ ਹੈ ਜਿਸ ਵਿੱਚ ਏਡਸ ਪੀੜਿਤ ਲੋਕਾਂ ਦਾ ਇਲਾਜ ਪਿਆਰ ਅਤੇ ਹਮਦਰਦੀ ਨਾਲ ਕੀਤਾ ਜਾਵੇਗਾ । ਇਸ ਸਾਲ ਵਿੱਚ ਵਾਰਡ ਕੰਮ ਕਰਨਾ ਸ਼ੁਰੂ ਕਰ ਦੇਵੇਗਾ । ਸਭ ਤੋਂ ਵੱਡੀ ਗੱਲ ਇਹ ਹੋਵੇਗੀ ਕਿ ਇਸ ਵਿੱਚ ਏਡਸ ਪੀੜਿਤਾਂ ਲਈ ਓਪਰੇਸ਼ਨ ਥਿਏਟਰ ਹੋਵੇਗਾ । ਭਾਰਤ ਵਿੱਚ ਆਪਣੀ ਕਿਸਮ ਦਾ ਇਹ ਪਹਿਲਾ ਓਪਰੇਸ਼ਨ ਥਿਏਟਰ ਹੋਵੇਗਾ । ਏਡਸ ਦਾ ਛਾਤੀ ਦੇ ਰੋਗ ਨਾਲ ਵੀ ਡੂੰਘਾ ਰਿਸ਼ਤਾ ਹੈ । ਇਹ ਪਾਇਆ ਗਿਆ ਹੈ ਕਿ ਜਿਨ੍ਹਾਂ ਨੂੰ ਏਡਸ ਹੁੰਦਾ ਹੈ ਉਸ ਨੂੰ ਕਦੇ ਨਾ ਕਦੇ ਟੀ.ਬੀ. ਹੋ ਚੁੱਕੀ ਹੈ । 75 ਫੀ ਸਦੀ ਏਡਸ ਦੀ ਬਿਮਾਰੀ ਛਾਤੀ ਨਾਲ ਸੰਬੰਧਿਤ ਹੁੰਦੀ ਹੈ । ਇਸ ਲਈ ਅਸੀਂ ਏਡਸ ਵਿੰਗ ਨੂੰ ਆਪਣੇ ਚੈਸਟ ਇੰਸਟੀਚਿਊਟ ਦੇ ਵਿਸਤਾਰ ਦੇ ਰੂਪ ਵਿੱਚ ਵਿਕਸਿਤ ਕਰ ਰਹੇ ਹਾਂ ।

ਨਵਭਾਰਤ ਟਾਈਮਜ, 7 ਫ਼ਰਵਰੀ, 1999



# ਕੁੱਲ ਏਡਸ ਰੋਗੀਆਂ ਵਿੱਚ ਚਾਰ ਫੀ ਸਦੀ ਬੱਚੇ ਵੀ ਇਸ ਦੀ ਚਪੇਟ ਵਿੱਚ

ਭਾਰਤ ਵਿੱਚ ਏਡਸ ਵਰਗੀਆਂ ਜਾਨ ਲੇਵਾ ਬਿਮਾਰੀਆਂ ਨੇ ਹੁਣ ਬੱਚਿਆਂ ਨੂੰ ਵੀ ਆਪਣੀ ਚਪੇਟ ਵਿੱਚ ਲੈ ਲਿਆ ਹੈ । ਚਿੰਤਾ ਦੀ ਗੱਲ ਹੈ ਕਿ ਇਸ ਸਮੇਂ ਦੇਸ਼ ਵਿੱਚ ਕੁੱਲ ਏਡਸ ਦੇ ਰੋਗੀਆਂ ਵਿੱਚ ਚਾਰ ਪ੍ਰਤੀਸ਼ਤ ਬੱਚੇ ਏਡਸ ਦੀ ਚਪੇਟ ਵਿੱਚ ਹਨ । ਪਰ ਹਾਲੇ ਤਕ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਨਹੀਂ ਲਿਆ ਹੈ ।

ਟਾਟਾ ਸਮਾਜ ਵਿਗਿਆਨ ਸੰਸਥਾਨ ਮੁੰਬਈ ਦੇ ਮੈਂਬਰ ਅਤੇ ਏਡਸ ਦੇ ਅਨੇਕਾਂ ਅੰਤਰ-ਰਾਸ਼ਟਰੀ ਅਤੇ ਰਾਸ਼ਟਰੀ ਸੰਗਠਨਾਂ ਨਾਲ ਜੁੜੇ ਡਾਕਟਰ ਕ੍ਰਿਪਾ ਸ਼ੰਕਰ ਤਿਵਾਰੀ ਨੇ ਆਪਣੀ ਸਹਿ ਪ੍ਰਕਾਸ਼ਤ ਪੁਸਤਕ ‘ਏਡਸ ਅਤੇ ਸਮਾਜ’ ਵਿੱਚ ਇਸ ਖ਼ਤਰੇ ਵੱਲ ਲੋਕਾਂ ਦਾ ਧਿਆਨ ਖਿੱਚਿਆ ਹੈ ।

ਪੁਸਤਕ ਦੇ ਅਨੁਸਾਰ ਭਾਰਤ ਵਿੱਚ ਏਡਸ ਦਾ ਪਹਿਲਾ ਮਾਮਲਾ ਸੰਨ 1986 ਵਿੱਚ ਸਾਹਮਣੇ ਆਇਆ ਸੀ ਅਤੇ ਉਦੋਂ ਤੋਂ ਕਰੀਬ ਸੱਤਰ ਲੱਖ ਲੋਕ ਐਚ. ਆਈ.ਵੀ ਦੇ ਹਮਲੇ ਦੀ ਚਪੇਟ ਵਿੱਚ ਆ ਚੁੱਕੇ ਹਨ । ਇਸ ਘਟਨਾ ਦਾ ਚਿੰਤਾਜਨਕ ਪਹਿਲੂ ਇਹ ਹੈ ਕਿ ਬੱਚੇ ਵੀ ਇਸ ਰੋਗ ਤੋਂ ਅਛੂਤੇ ਨਹੀਂ ਰਹੇ ।

ਪੁਸਤਕ ਵਿੱਚ ਕਿਹਾ ਗਿਆ ਹੈ ਕਿ ਬੱਚਿਆਂ ਨੂੰ ਯੋਨ-ਸ਼ੋਸ਼ਣ ਦਾ ਸ਼ਿਕਾਰ ਬਣਾਏ ਜਾਣ ਦੇ ਕਾਰਣ ਇਹ ਰੋਗ ਉਹਨਾਂ ਵਿੱਚ ਫੈਲ ਰਿਹਾ ਹੈ ।

ਪੁਸਤਕ ਦੇ ਅਨੁਸਾਰ ਕਚਰਾ ਇਕੱਠਾ ਕਰਨ ਵਾਲੇ ਬੱਚੇ, ਬਾਲ ਮਜ਼ਦੂਰ-ਅਸੰਗਠਨ ਛੋਟੇ-ਛੋਟੇ ਉਦਯੋਗਾਂ ਵਿੱਚ ਕੰਮ ਕਰਨ ਵਾਲੇ ਬੱਚੇ, ਰੇਲਵੇ ਪਲੇਟ ਫਾਰਮਾਂ, ਬੱਸ ਅੱਡਿਆਂ ਅਤੇ ਸਿਨੇਮਾ ਹਾਲਾਂ ਦੇ ਆਲੇ ਦੁਆਲੇ ਇਕੱਠੇ ਹੋਣ ਵਾਲੇ ਘੱਟ ਉਮਰ ਦੇ ਬੱਚੇ ਯੋਨ ਅੱਤਿਆਚਾਰ ਦੇ ਸ਼ਿਕਾਰ ਹੁੰਦੇ ਹਨ । ਯੋਨ-ਸ਼ੋਸ਼ਣ ਕਰਨ ਵਾਲੇ ਜ਼ਿਆਦਾਤਰ ਲੋਕ ਜਾਂ ਤਾਂ ਸਮਲਿੰਗਿਕ ਹੁੰਦੇ ਹਨ ਜਾਂ ਫਿਰ ਕਿਸੇ ਨਾ ਕਿਸੇ ਨਸ਼ੇ ਦੀ ਆਦਤ

ਦੇ ਸ਼ਿਕਾਰ ਹੁੰਦੇ ਹਨ । ਇਸ ਤੋਂ ਇਲਾਵਾ ਇਹ ਲੋਕ ਅਸੁਰੱਖਿਅਤ ਯੋਨ-ਸੰਬੰਧਾਂ ਦੇ ਵੀ ਆਦੀ ਹੁੰਦੇ ਹਨ ।

ਪੁਸਤਕ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਹਰ ਸਾਲ ਚਾਰ ਕਰੋੜ ਲੋਕਾਂ 'ਚ ਨਵੇਂ ਯੋਨ-ਸੰਬੰਧਾਂ ਨਾਲ ਪੈਦਾ ਹੋਏ ਵਿਸ਼ਾਣੂ ਪਨਪਦੇ ਹਨ । ਇਹਨਾਂ ਸਾਰਿਆਂ ਦੀ ਐਚ.ਆਈ.ਵੀ. ਪਰੀਖਣ ਅਤੇ ਨਿਗਰਾਨੀ ਜ਼ਰੂਰੀ ਹੈ । ਲੇਕਿਨ ਦੇਸ਼ ਦੇ ਸਾਰੇ ਹਸਪਤਾਲਾਂ ਵਿੱਚ ਇਹ ਸੁਵਿਧਾ ਨਹੀਂ ਹੈ । ਅਜਿਹੇ ਹਾਲਾਤਾਂ ਵਿੱਚ ਇਹ ਲੋਕ ਆਪਣੇ ਯੋਨ-ਸਾਥੀ ਨੂੰ ਤਾਂ ਏਡਸ ਦਾ ਰੋਗੀ ਬਣਾਉਂਦੇ ਹੀ ਹਨ, ਨਾਲ ਹੀ ਇਹਨਾਂ ਦੁਆਰਾ ਪੈਦਾ ਹੋਣ ਵਾਲੀਆਂ ਸੰਤਾਨਾਂ ਵਿੱਚ ਵੀ ਇਸ ਰੋਗ ਦੇ ਹੋਣ ਦੇ ਕਾਫ਼ੀ ਮੌਕੇ ਹੁੰਦੇ ਹਨ । ਗਰਭਵਤੀ ਔਰਤ ਦੇ ਗਰਭ ਵਿਚ ਪਲ ਰਹੇ ਬੱਚੇ ਵਿੱਚ ਇਸ ਰੋਗ ਦੇ ਵਿਸ਼ਾਣੂ ਹੋਣ ਦੀ ਲਗਭਗ ੩੩ ਪ੍ਰਤੀਸ਼ਤ ਸੰਭਾਵਨਾ ਰਹਿੰਦੀ ਹੈ । ਪ੍ਰਸਾਵ ਦੇ ਸਮੇਂ ਵੀ ਖ਼ੂਨ ਦੇ ਨਿਕਲਣ ਨਾਲ ਜਾਂ ਬੱਚੇ ਦੀ ਮਾਂ ਨੂੰ ਲੱਗਣ ਵਾਲੇ ਜ਼ਖ਼ਮ ਵੀ ਬੱਚੇ ਨੂੰ ਬਿਮਾਰੀ ਲਗਾ ਸਕਦੇ ਹਨ । ਕੁਝ ਮਾਮਲਿਆਂ ਵਿੱਚ ਛਾਤੀ ਨਾਲ ਦੁੱਧ ਚੁੰਘਾਣ ਨਾਲ ਵੀ ਬੱਚੇ ਨੂੰ ਬਿਮਾਰੀ ਲੱਗਣ ਦੀਆਂ ਖ਼ਬਰਾਂ ਦੇ ਸੰਕੇਤ ਵੀ ਖ਼ਤਰਨਾਕ ਹਨ ।

ਪੁਸਤਕ ਵਿੱਚ ਕਿਹਾ ਗਿਆ ਹੈ ਕਿ ਭਾਰਤੀ ਪ੍ਰਸਥਿਤੀਆਂ ਵਿੱਚ ਏਡਸ ਦਾ ਇਲਾਜ ਕਰਵਾ ਪਾਉਣਾ ਆਸਾਨ ਨਹੀਂ ਹੈ । ਕਿਉਂਕਿ ਸੰਨ 1990-91 ਦੇ ਅੰਕੜਿਆਂ ਅਨੁਸਾਰ ਇਕ ਗ਼ਰੀਬ ਪਰਿਵਾਰ ਦੀਆਂ ਸਿਹਤ ਸੇਵਾਵਾਂ ਉੱਤੇ ਔਸਤਨ ਮਾਤਰ 20 ਰੁਪਏ 42 ਪੈਸੇ, ਮਿਡਲ ਆਮਦਨ ਸਮੂਹ ਦੇ ਪਰਿਵਾਰਾਂ ਉੱਤੇ 40 ਰੁਪਏ ਅਤੇ ਉੱਚੀ ਆਮਦਨ ਸਮੂਹ ਵਾਲੇ ਪਰਿਵਾਰਾਂ ਉੱਤੇ 726 ਰੁਪਏ ਖ਼ਰਚ ਕੀਤੇ ਜਾਂਦੇ ਹਨ । ਇਸ ਲਈ ਇਸ ਗੱਲ ਦੀ ਇਸੇ ਵਕਤ ਜ਼ਰੂਰਤ ਹੈ ਕਿ ਏਡਸ ਨਾਲ ਪੀੜਿਤ ਬੱਚਿਆਂ ਅਤੇ ਉਹਨਾਂ ਦੀ ਦੇਖਭਾਲ ਕਰਨ ਵਾਲਿਆਂ ਦੀਆਂ ਸਮੱਸਿਆਵਾਂ ਦਾ ਹੱਲ ਕੱਢਿਆ ਜਾਏ । ਹਾਲੇ ਤਕ ਅਜਿਹੇ ਬੱਚਿਆਂ ਲਈ ਕੋਈ ਕਾਰਜ-ਯੋਜਨਾ ਨਹੀਂ ਹੈ ।

ਪੁਸਤਕ ਦੇ ਅਨੁਸਾਰ ਰਾਸ਼ਟਰੀ ਏਡਸ ਨਿਯੰਤਰਣ ਸੰਗਠਨ



ਦੀ ਇਸ ਗੱਲ ਨੂੰ ਲੈ ਕੇ ਆਲੋਚਨਾ ਹੋਈ ਹੈ ਕਿ ਉਹ ਏਡਸ ਦੇ ਫੈਲਾਉ ਉੱਤੇ ਕਾਬੂ ਪਾਉਣ ਵਿੱਚ ਅਸਫਲ ਰਹੇ ਹਨ, ਪਰ ਹੁਣ ਇਹ ਸੰਗਠਨ ਬੱਚਿਆਂ ਉੱਤੇ ਕੇਂਦਰਤ ਕਾਰਜ ਯੋਜਨਾ ਦਾ ਰਿਹਾ ਹੈ । ਨਵੀਆਂ ਨੀਤੀਆਂ ਦੇ ਅਨੁਸਾਰ ਪੀੜਿਤ ਬੱਚਿਆਂ ਲਈ ਵਿਸ਼ੇਸ਼ ਨਿੱਗਰ ਖੇਤਰ ਬਣਾਉਣ ਦਾ ਵਿਚਾਰ ਹੈ, ਜਿੱਥੇ ਉਹਨਾਂ ਨੂੰ ਹਰ ਜ਼ਰੂਰੀ ਸੁਵਿਧਾਵਾਂ ਅਤੇ ਸਹਾਇਤਾ ਪ੍ਰਾਪਤ ਹੋਵੇਗੀ ।

ਪੁਸਤਕ ਦੇ ਅਨੁਸਾਰ ਐਚ.ਆਈ.ਵੀ. ਨਾਲ ਪੀੜਿਤ ਬੱਚਿਆਂ ਉੱਤੇ ਕੰਮ-ਕਾਰ ਦੇ ਸਾਧਨਾਂ ਦੀ ਕਮੀ ਤੋਂ ਇਲਾਵਾ ਖੁਦਮੁਖਤਾਰੀ ਸੰਗਠਨ ਵਿੱਚ ਨਾ ਹੋਣ ਦੇ ਬਰਾਬਰ ਹੀ ਹਨ ਜਿਹੜੀਆਂ ਇਸ ਨਾਜ਼ੁਕ ਮੁੱਦੇ ਨਾਲ ਸਾਵਧਾਨੀ ਨਾਲ ਨਿਪਟ ਸਕਦੇ ਹੋਣ । ਅਜਿਹੇ ਬੱਚਿਆਂ ਦੀਆਂ ਸਮੱਸਿਆਵਾਂ ਦਾ ਭਾਵਨਾਤਮਕ ਪੱਧਰ 'ਤੇ ਹੱਲ ਕਿਤਾਬਾਂ ਦੁਆਰਾ ਨਹੀਂ ਸਗੋਂ ਪ੍ਰੈਕਟੀਕਲ ਵਿੱਚ ਲੱਭਣੇ ਹੋਣਗੇ । ਸਮਾਜ ਵਿੱਚ ਇੰਨੀ ਸੰਵੇਦਨਸ਼ੀਲਤਾ ਹੋਣੀ ਚਾਹੀਦੀ ਹੈ ਕਿ ਉਹ ਅਜਿਹੇ ਬੱਚਿਆਂ ਨੂੰ ਸਵੀਕਾਰ ਕਰ ਸਕੇ । ਪੁਸਤਕ ਦੇ ਅਨੁਸਾਰ ਕੇਵਲ ਮੁੰਬਈ ਵਰਗੇ ਸ਼ਹਿਰ ਵਿੱਚ ਚਾਇਲਡ ਅਤੇ ਸੇਂਟ ਕੈਥੇਰੀਨਸ ਹੋਮ ਵਰਗੇ ਇਕ-ਅੱਧ ਸੰਗਠਨ ਹੀ ਇਸ ਦਿਸ਼ਾ ਵੱਲ ਲੱਗੇ ਹੋਏ ਹਨ, ਪਰ ਦੇਸ਼ ਦੇ ਹੋਰਨਾਂ ਹਿੱਸਿਆਂ ਵਿੱਚ ਵੀ ਇਸ ਤਰ੍ਹਾਂ ਦੀਆਂ ਸੰਸਥਾਵਾਂ ਦੀ ਬੇਹੱਦ ਜ਼ਰੂਰਤ ਹੈ ਜਿਹੜੀਆਂ ਅਜਿਹੇ ਬੱਚਿਆਂ ਦੀ ਦੇਖਭਾਲ ਕਰ ਸਕਣ ।

ਇਹਨਾਂ ਬੱਚਿਆਂ ਨੂੰ ਇਹ ਰੋਗ ਜਨਮ ਸਮੇਂ ਆਪਣੇ ਮਾਂ-ਬਾਪ ਤੋਂ ਜਾਂ ਬਿਮਾਰੀਆਂ ਦੇ ਦੌਰਾਨ ਡਾਕਟਰੀ ਲਾਪਰਵਾਹੀ ਨਾਲ ਜਾਂ ਫਿਰ ਸਮਾਜ ਦੇ ਗ਼ੈਰ-ਜ਼ਿੰਮੇਦਾਰ ਵਰਗ ਤੋਂ ਮਿਲਦਾ ਹੈ । ਇਸ ਲਈ ਏਡਸ ਦੇ ਰੋਗੀਆਂ ਨੂੰ ਕਲੰਕਿਤ ਨਹੀਂ ਸਮਝਿਆ ਜਾਣਾ ਚਾਹੀਦਾ ਬਲਕਿ ਪੂਰੇ ਸਮਾਜ ਨੂੰ ਉਹਨਾਂ ਦਾ ਸਹਿਯੋਗ ਕਰਨਾ ਚਾਹੀਦਾ ਹੈ ।

ਜਨ ਸੱਤਾ 1 ਦਸੰਬਰ, 1998

# ਦੱਬੇ ਪੈਰੀਂ ਵਧਦਾ ਹੈ ਏਡਸ

-ਪੰਕਜ ਪਾਂਡੇ

ਲੱਗਭੱਗ ਡੇਢ ਦਸ਼ਕ ਪਹਿਲਾਂ ਅਫ਼ਰੀਕਾ ਮਹਾਂਦੀਪ ਵਿੱਚ ਖੋਜਿਆ ਗਿਆ ਇਹ ਲਾਇਲਾਜ ਰੋਗ ਏਡਸ ਹੁਣ ਭਾਰਤ ਸਣੇ ਸਾਰੇ ਵਿਸ਼ਵ ਵਿੱਚ ਆਪਣੀਆਂ ਜੜ੍ਹਾਂ ਜਮਾਉਂਦਾ ਜਾ ਰਿਹਾ ਹੈ। ਵਰਤਮਾਨ ਵਿੱਚ ਵਿਸ਼ਵ ਭਰ ਵਿੱਚ ਲੱਗਭੱਗ ਚਾਲੀਸ ਲੱਖ ਬੰਦੇ ਐਚ.ਆਈ.ਵੀ. (ਪਾਜੇਟਿਵ) ਵਿਸ਼ਾਣੂ ਨਾਲ ਪੀੜਿਤ ਹਨ, ਜਿਨ੍ਹਾਂ ਵਿੱਚੋਂ ਲੱਗਭੱਗ ਚਾਰ ਲੱਖ ਪੀੜਿਤਾਂ ਦੇ ਭਾਰਤ ਵਿੱਚ ਹੀ ਹੋਣ ਦੀ ਸੰਭਾਵਨਾ ਹੈ। ਇਸ ਤਰ੍ਹਾਂ ਨਾਲ ਵਿਸ਼ਵ ਭਰ ਵਿੱਚ ਏਡਸ ਨਾਲ ਪੀੜਿਤ ਵਿਅਕਤੀਆਂ ਦੀ ਗਿਣਤੀ ਵਿੱਚ ਭਾਰਤ ਦਾ ਹਿੱਸਾ 10 ਪ੍ਰਤੀਸ਼ਤ ਹੈ ਜਿਹੜਾ ਬੇਹੱਦ ਚਿੰਤਾਜਨਕ ਹੈ। ਇਕ ਹੋਰ ਚਿੰਤਾਜਨਕ ਤੱਥ ਇਹ ਹੈ ਕਿ ਵਿਸ਼ਵ ਭਰ ਵਿੱਚ 50 ਪ੍ਰਤੀਸ਼ਤ ਤੋਂ ਜ਼ਿਆਦਾ ਏਡਸ ਗ੍ਰਸਤ ਨੌਜਵਾਨਾਂ ਦਾ ਵਰਗ ਹੈ। ਸੰਯੁਕਤ ਰਾਸ਼ਟਰ ਏਡਸ ਦੀ ਰਿਪੋਰਟ ਦੇ ਅਨੁਸਾਰ 1/10 ਏਡਸ ਨਾਲ ਪੀੜਿਤ ਲੋਕ 15 ਸਾਲ ਦੀ ਉਮਰ ਤਕ ਦੇ ਹਨ। ਭਾਰਤ ਵਿੱਚ ਹੀ 5 ਰਾਜਾਂ ਵਿੱਚ 10 ਪ੍ਰਤੀਸ਼ਤ ਤੋਂ ਜ਼ਿਆਦਾ ਨੌਜਵਾਨ ਵਰਗ ਇਸ ਰੋਗ ਤੋਂ ਪ੍ਰਭਾਵਿਤ ਹਨ। ਔਰਤਾਂ ਦੇ ਸੰਬੰਧ ਵਿੱਚ ਦੇਖੀਏ ਤਾਂ ਪਿਛਲੇ 21 ਅਕਤੂਬਰ ਨੂੰ ਵਿਸ਼ਵ ਦੀ ਅਬਾਦੀ 6 ਅਰਬ ਹੋਣ ਦੇ ਮੌਕੇ ਉੱਤੇ ਸੰਯੁਕਤ ਰਾਸ਼ਟਰ ਜਨ-ਸੰਖਿਆ ਕੋਸ਼ ਦੁਆਰਾ ਜਾਰੀ ਇਕ ਰਿਪੋਰਟ ਦੇ ਅਨੁਸਾਰ ਦੁਨੀਆਂ ਵਿੱਚ ਪ੍ਰਤੀ ਮਿੰਟ 11 ਵੱਡੇ ਮਾਮਲੇ ਏਡਸ ਪੀੜਿਤਾਂ ਦੇ ਉਜਾਗਰ ਹੋਏ ਹਨ ਜਿਨ੍ਹਾਂ ਵਿੱਚ ਜ਼ਿਆਦਾਤਰ ਔਰਤਾਂ ਦੇ ਮਾਮਲੇ ਹੁੰਦੇ ਹਨ। ਇਸ ਤਰ੍ਹਾਂ ਏਡਸ ਸਾਡੀ ਪੀੜ੍ਹੀ ਨੂੰ ਨਸ਼ਟ ਕਰਨ ਵਾਲਾ ਰੋਗ ਬਣਦਾ ਜਾ ਰਿਹਾ ਹੈ ਅਤੇ ਅੱਜ ਏਡਸ ਦੀ ਰੋਕਥਾਮ ਦੀ ਦਿਸ਼ਾ ਵੱਲ ਸਖ਼ਤ ਕਦਮ ਉਠਾਉਣ ਦੀ ਲੋੜ ਹੈ। ਸਭ ਤੋਂ ਜ਼ਿਆਦਾ ਜ਼ਰੂਰਤ ਅੱਜ ਅਨਪੜ੍ਹ ਵਰਗ, ਨੌਜਵਾਨ ਵਰਗ ਅਤੇ ਔਰਤਾਂ ਵਿੱਚ ਇਸ ਦੇ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੀ ਹੈ, ਕਿਉਂਕਿ ਇਸ ਬਿਮਾਰੀ ਦਾ ਸਭ ਤੋਂ ਜ਼ਿਆਦਾ ਪ੍ਰਭਾਵ ਇਹਨਾਂ ਉੱਤੇ ਹੀ ਹੈ।

ਦੈਨਿਕ ਜਾਗਰਣ, 6 ਨਵੰਬਰ 1999



# ਅੰਡੇਮਾਨ-ਨਿਕੋਬਾਰ ਵਿੱਚ ਏਡਸ ਦਾ ਵਧਦਾ ਖ਼ਤਰਾ

-ਸਾਧਨਾ ਮੋਹਨ

'ਕਾਲਾ ਪਾਣੀ'-ਜਿਹੜਾ ਕਦੇ ਕੈਦੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਯਾਤਨਾਵਾਂ ਲਈ ਬਦਨਾਮ ਸੀ, ਹੁਣ ਉਹ ਐਚ.ਆਈ. ਵੀ.ਪਾਜੇਟਿਵ (ਏਡਸ ਵਿਸ਼ਾਣੂ ਤੋਂ ਗ੍ਰਸਤ) ਕੈਦੀਆਂ ਨੂੰ ਰੱਖਣ ਲਈ ਸਾਵਧਾਨ ਹੋ ਗਿਆ ਹੈ। ਇਸ ਵਿਸ਼ਾਣੂ ਦਾ ਡਰ ਇੰਨਾ ਜ਼ਿਆਦਾ ਹੈ ਕਿ ਇੱਥੋਂ ਦੇ ਅਧਿਕਾਰੀ ਉਹਨਾਂ ਵਿਦੇਸ਼ੀ ਕੈਦੀਆਂ ਨੂੰ ਕੈਦ ਵਿੱਚ ਰੱਖਣ ਦੇ ਮਾਮਲੇ ਨੂੰ ਨਜ਼ਰ-ਅੰਦਾਜ਼ ਕਰ ਦੇਣਾ ਚਾਹੁੰਦੇ ਹਨ ਜਿਹੜੇ ਵਿਦੇਸ਼ੀ ਕੈਦੀ ਏਡਸ ਦੇ ਵਿਸ਼ਾਣੂ ਨਾਲ ਗ੍ਰਸਤ ਹਨ। ਇਸ ਦੇ ਚੱਲਦੇ ਵਰਜਿਤ ਖੇਤਰ ਵਿੱਚ ਸ਼ਿਕਾਰ ਕਰਨ ਦੇ ਦੋਸ਼ ਵਿੱਚ ਪਕੜੇ ਗਏ ਵਿਦੇਸ਼ੀਆਂ ਦੇ ਲਈ ਇਹ ਵਿਸ਼ਾਣੂ ਉਹਨਾਂ ਦੇ ਆਜ਼ਾਦ ਹੋਣ ਦਾ ਪਾਸਪੋਰਟ ਬਣਦਾ ਜਾ ਰਿਹਾ ਹੈ। ਬ੍ਰਿਟਿਸ਼ ਹਕੂਮਤ ਦੇ ਦੌਰਾਨ ਭਾਰਤ ਦੇ ਦੂਰ ਸਥਿੱਤ ਅੰਡੇਮਾਨ ਅਤੇ ਨਿਕੋਬਾਰ ਟਾਪੂਆਂ ਨੂੰ 'ਕਾਲਾ ਪਾਣੀ' ਦਾ ਨਾਂ ਦਿੱਤਾ ਗਿਆ ਸੀ ਕਿਉਂਕਿ ਇਹਨਾਂ ਟਾਪੂਆਂ ਵਿੱਚੋਂ ਦੌੜ ਜਾਣ ਦੀ ਕਲਪਨਾ ਤਕ ਨਹੀਂ ਸੀ ਕੀਤੀ ਜਾ ਸਕਦੀ।

ਕਾਫ਼ੀ ਸਮੇਂ ਤੋਂ ਅੰਡੇਮਾਨ ਅਤੇ ਨਿਕੋਬਾਰ ਟਾਪੂਆਂ ਦੀ ਪੋਥਰਾਪੁਰ ਸਥਿਤ ਜ਼ਿਲ੍ਹਾ ਜੇਲ੍ਹ ਦੇ ਅਧਿਕਾਰੀ ਭਾਰਤ ਸਰਕਾਰ ਨੂੰ ਉਹਨਾਂ ਤਿੰਨਾਂ ਥਾਈਂ ਕੈਦੀਆਂ ਨੂੰ ਰਿਹਾਈ ਦੇਣ ਦੀ ਬੇਨਤੀ ਕਰ ਰਹੇ ਹਨ ਜਿਨ੍ਹਾਂ ਨੂੰ ਏਡਸ ਪਰੀਖਣ ਉਪਰੰਤ ਐਚ.ਆਈ.ਵੀ.-ਪਾਜੇਟਿਵ ਪਾਇਆ ਗਿਆ ਹੈ। ਸਰਕਾਰ ਨੇ ਉਹਨਾਂ ਦੀ ਬੇਨਤੀ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ ਜਿਸ ਨਾਲ ਜ਼ੇਲ੍ਹ ਦੇ ਅਧਿਕਾਰੀ ਪ੍ਰੇਸ਼ਾਨ ਹੋ ਗਏ ਹਨ ਅਤੇ ਅੰਡੇਮਾਨ ਅਤੇ ਨਿਕੋਬਾਰ ਸਿਹਤ ਸੇਵਾ ਨਿਦੇਸ਼ਾਲੇ ਨੂੰ ਵਾਰ-ਵਾਰ ਬੇਨਤੀ ਕਰਦੇ ਰਹੇ ਹਨ ਕਿ ਉਹਨਾਂ ਨੂੰ ਸਿਹਤ-ਪ੍ਰਮਾਣ-

ਪੱਤਰ ਜਾਰੀ ਕਰ ਦਿੱਤਾ ਜਾਏ ਅਤੇ ਉਹਨਾਂ ਨੂੰ ਮੁਖ ਭੂਮੀ (ਮੈਨ ਲੈਂਡ) ਦੀ ਕਿਸੇ ਹੋਰ ਜੇਲ੍ਹ ਵਿੱਚ ਬਦਲਣ ਦੀ ਜਾਂ ਵਾਪਸ ਭੇਜਣ ਦੇ ਮਾਮਲੇ 'ਤੇ ਗੌਰ ਕੀਤਾ ਜਾਏ, ਕਿਉਂਕਿ ਉਹਨਾਂ ਨੂੰ ਸਭ ਤੋਂ ਅਲੱਗ ਰੱਖਣ 'ਤੇ ਵੀ ਉਹਨਾਂ ਦਾ ਉੱਥੇ ਬਣੇ ਰਹਿਣਾ ਠੀਕ ਨਹੀਂ ਹੈ ।

ਇੱਥੇ ਇਹ ਗੱਲ ਵੀ ਦਿਲਚਸਪ ਹੈ ਕਿ ਉਪ-ਰਾਜਪਾਲ ਸ੍ਰੀ. ਆਈ.ਪੀ. ਗੁਪਤਾ ਨੇ ਇਹਨਾਂ ਕੈਦੀਆਂ ਨੂੰ ਉਹਨਾਂ ਦੇ ਦੇਸ਼ ਵਾਪਸ ਭੇਜਣ ਦੀ ਸਿਫ਼ਾਰਸ ਕੀਤੀ ਹੈ । ਉਪਰੋਕਤ ਨੋਟ ਪੱਤਰ-ਅੰਕ ਐਫ 46/94 ਗ੍ਰਹਿ (ਵਿਦੇਸ਼ੀ) ਮਿਤੀ 27 ਜਨਵਰੀ, 1998 ਦੇ ਬਾਰੇ ਵਿੱਚ ਹੈ ਜੋ ਪ੍ਰਸ਼ਾਸਨ ਦੀ ਤਰਫ਼ੋਂ ਉਹਨਾਂ ਦੀ ਸਿਫ਼ਾਰਸ ਦੇ ਨਾਲ ਪ੍ਰਾਪਤ ਹੋਇਆ ਸੀ । ਇਸ ਨੋਟ ਦੇ ਨਾਲ, ਹੋਰ ਸਮੱਰਥਨ ਜੁਟਾਉਣ ਲਈ ਮੁੱਖ ਸਚਿੱਵ ਦੀ ਮਿਤੀ 9 ਫ਼ਰਵਰੀ,1998 ਦੀ ਟਿੱਪਣੀ ਵੀ ਨੱਥੀ ਕੀਤੀ ਗਈ ਹੈ ।

ਇਹਨਾਂ ਤਿੰਨਾਂ ਕੈਦੀਆਂ ਨੂੰ ਸਿਹਤ ਪ੍ਰਮਾਣ-ਪੱਤਰ ਦੇਣ ਲਈ ਬੇਨਤੀ ਕਰਨ ਤੋਂ ਪਹਿਲਾਂ, ਇਸ ਨੋਟ ਵਿੱਚ ਸਿਹਤ ਸੇਵਾਵਾਂ ਨਿਦੇਸ਼ਾਲੇ ਨੂੰ ਬੇਨਤੀ ਕੀਤੀ ਗਈ ਹੈ ਕਿ ਇਹਨਾਂ ਦੱਸੇ ਗਏ ਤਿੰਨਾਂ ਕੈਦੀਆਂ ਦੀ ਜਾਂਚ ਕਰਵਾਉਣ ਦਾ ਪ੍ਰਬੰਧ ਕੀਤਾ ਜਾਏ ਅਤੇ ਉਹਨਾਂ ਦੇ ਜ਼ਰੂਰੀ ਇਲਾਜ ਦਾ ਪ੍ਰਬੰਧ ਕੀਤਾ ਜਾਵੇ ।

ਇਹ ਬੜੀ ਦਿਲਚਸਪ ਸਥਿਤੀ ਹੈ ਕਿਉਂਕਿ ਏਡਸ ਦੇ ਅਧਿਕਾਰੀ ਡਾ. ਵਜਿਦ ਅਲੀ ਸ਼ਾਹ ਇਹਨਾਂ ਕੈਦੀਆਂ ਦੀ ਜਾਂਚ ਕਰ ਚੁੱਕੇ ਹਨ ਅਤੇ ਉਹ ਉਹਨਾਂ ਨੂੰ 'ਸਿਹਤਮੰਦ' ਕਰਾਰ ਦੇ ਚੁੱਕੇ ਹਨ ਕਿਉਂਕਿ ਉਹ ਕੈਦੀ ਰੋਗ ਦੀ ਮੁੱਢਲੀ ਸਟੇਜ 'ਤੇ ਸਨ । ਇਸ ਲਈ ਉਹਨਾਂ ਕਿਹਾ ਕਿ ਉਹਨਾਂ ਨੂੰ ਕਿਸੇ ਖ਼ਾਸ ਉਪਚਾਰ ਦੀ ਜ਼ਰੂਰਤ ਨਹੀਂ ਹੈ । ਜੇਲ੍ਹ ਅਧਿਕਾਰੀਆਂ ਦੀ ਐਚ.ਆਈ.ਵੀ. ਵਿਸ਼ਾਣੂਆਂ ਪ੍ਰਤੀ ਜੋ ਧਾਰਨਾ ਹੈ, ਉਸਦੇ ਚਲਦੇ ਉਹ ਅਧਿਕਾਰੀ ਡਾ. ਸ਼ਾਹ ਦਾ ਫੈਸਲਾ ਪਚਾ ਨਹੀਂ



ਪਾ ਰਹੇ ਹਨ ਅਤੇ ਕੋਈ ਅਜਿਹੀ ਮੈਡੀਕਲ ਰਿਪੋਰਟ ਪਾਉਣ ਲਈ ਉਹ ਲਗਾਤਾਰ ਸਿਹਤ ਨਿਦੇਸ਼ਾਲੇ ਦਾ ਦਰਵਾਜ਼ਾ ਖਟਖਟਾ ਰਹੇ ਹਨ ਜਿਸ ਨਾਲ ਇਹਨਾਂ ਕੈਦੀਆਂ ਨੂੰ ਅੰਡੇਮਾਨ ਤੋਂ ਭੇਜਿਆ ਜਾ ਸਕੇ ।

ਡਾ. ਸ਼ਾਹ ਨੇ ਦੱਸਿਆ ਕਿ ਕੁੱਲ ਮਿਲਾ ਕੇ 75 ਥਾਈ ਅਤੇ ਬਰਮੀ ਸ਼ਿਕਾਰੀ ਬਿਨਾਂ ਪੂਰੀ ਸਜ਼ਾ ਕੱਟੇ ਪੋਰਟ ਬਲੇਅਰ ਤੋਂ ਵਾਪਸ ਉਹਨਾਂ ਦੇ ਦੇਸ਼ ਭੇਜੇ ਜਾ ਚੁੱਕੇ ਹਨ ਕਿਉਂਕਿ ਉਹਨਾਂ ਵਿੱਚ ਐਚ. ਆਈ. ਵੀ. ਪਾਜੇਟਿਵ ਪਾਇਆ ਗਿਆ ਸੀ । ਹੁਣ ਤਕ ਅਜਿਹੇ 78 ਸ਼ਿਕਾਰੀ ਏਡਸ ਵਿਸ਼ਾਣੂ ਗ੍ਰਸਤ ਪਾਏ ਗਏ ਹਨ ਅਤੇ 75 ਕੈਦੀਆਂ ਨੂੰ ਵਾਪਸ ਉਹਨਾਂ ਦੇ ਦੇਸ਼ ਭੇਜਣ ਤੋਂ ਬਾਅਦ ਕੇਵਲ ਤਿੰਨ ਕੈਦੀ ਅੰਡੇਮਾਨ ਵਿੱਚ ਬਚੇ ਹਨ ਜਿਹੜੇ ਆਪਣੀ ਸਜ਼ਾ ਮਾਫ਼ ਹੋਣ ਦਾ ਇੰਤਜ਼ਾਰ ਕਰ ਰਹੇ ਹਨ । ਲੱਗਦਾ ਹੈ ਕਿ ਇਸ ਵਾਰ ਸਿਹਤ ਅਧਿਕਾਰੀਆਂ ਨੂੰ ਲੱਗਿਆ ਹੈ ਕਿ ਸਵਦੇਸ਼ ਭੇਜਣਾ ਕੁਝ ਜ਼ਿਆਦਾ ਹੀ ਹੋ ਗਿਆ ਹੈ ਅਤੇ ਉਹ ਹੁਣ ਏਡਸ ਵਿਸ਼ਾਣੂ ਦੇ ਪ੍ਰਤੀ ਤਰਕਪੂਰਨ ਰਵੱਈਆ ਅਪਨਾਉਣ ਦੀ ਵਕਾਲਤ ਕਰਨਾ ਚਾਹੁੰਦੇ ਹਨ ।

ਹਰ ਸਾਲ 300 ਤੋਂ ਜ਼ਿਆਦਾ ਲੋਕ ਅੰਡੇਮਾਨ-ਨਿਕੋਬਾਰ ਟਾਪੂ ਸਮੂਹ ਵਿੱਚ ਅਤੇ ਉਸ ਦੇ ਨੇੜੇ-ਤੇੜੇ ਗ਼ੈਰ ਕਾਨੂੰਨੀ ਢੰਗ ਨਾਲ ਸ਼ਿਕਾਰ ਕਰਨ ਕਰਕੇ ਪਕੜੇ ਜਾਂਦੇ ਹਨ ਜਿਨ੍ਹਾਂ ਵਿੱਚ ਥਾਈ ਅਤੇ ਬਰਮੀ ਲੋਕ ਪ੍ਰਮੁੱਖ ਹੁੰਦੇ ਹਨ । ਸ਼ਿਕਾਰ ਕਰਨ ਦੇ ਕਾਰਨ ਅਨਮੋਲ ਕੁਦਰਤੀ ਸੰਸਥਾਨਾਂ ਨੂੰ ਭਾਰੀ ਨੁਕਸਾਨ ਪੁੱਜਦਾ ਹੈ ਅਤੇ ਹੁਣ ਤਾਂ ਇਹ ਕੰਮ ਬੜੀ ਹੁਸ਼ਿਆਰੀ ਅਤੇ ਆਧੁਨਿਕ ਤਰੀਕਿਆਂ ਨਾਲ ਕੀਤਾ ਜਾਣ ਲੱਗਾ ਹੈ । ਇਸ ਲਈ ਅਪਰਾਧੀ ਨੂੰ ਛੇ ਮਹੀਨੇ ਤੋਂ ਲੈ ਕੇ ਚਾਰ ਸਾਲ ਤਕ ਦੀ ਕੈਦ ਹੋ ਸਕਦੀ ਹੈ ।

ਉੱਪ ਰਾਜਪਾਲ ਸ੍ਰੀ ਗੁਪਤਾ ਨੇ ਦੱਸਿਆ ਕਿ "ਇਹ ਲੋਕ ਮੱਛਲੀ ਦਾ ਸ਼ਿਕਾਰ ਨਹੀਂ ਕਰਦੇ ਹਨ, ਇਹ ਸੀ ਕੁੰਬਰ (ਇਕ ਸਮੁੰਦਰੀ

ਜੀਵ) ਦਾ ਸ਼ਿਕਾਰ ਕਰਦੇ ਹਨ ਜਿਸਦਾ ਮਹੱਤਵ ਸੈਕਸ-ਉੱਤੇਜਨਾ ਵਧਾਉਣ ਲਈ ਹੈ ਅਤੇ ਇਸ ਦੇ ਲਈ ਲੋਕ ਮੂੰਹ ਮੰਗਿਆ ਪੈਸਾ ਦੇ ਸਕਦੇ ਹਨ ।"

ਜੇਲ੍ਹ ਅਧਿਕਾਰੀ ਅਤੇ ਅੰਡੇਮਾਨ ਦਾ ਪ੍ਰਸ਼ਾਸਨ ਏਡਸ ਨੂੰ ਵਿਦੇਸ਼ੀਆਂ ਦਾ ਰੋਗ ਮੰਨਦੇ ਹਨ, ਇਸ ਲਈ ਜੇਲ੍ਹ ਦੇ ਨਿਯਮਾਂ ਦੇ ਅਨੁਸਾਰ ਸਾਰਿਆਂ ਕੈਦੀਆਂ ਦੀ ਸਿਹਤ ਸੰਬੰਧੀ ਜਾਂਚ ਇਕ ਮਹੀਨੇ ਬਾਅਦ ਕਰਨਾ ਜ਼ਰੂਰੀ ਹੈ ਅਤੇ ਇਸ ਵਿੱਚ ਐਚ.ਆਈ.ਵੀ. ਟੈਸਟ ਕਰਨਾ ਵੀ ਜ਼ਰੂਰੀ ਮੰਨਿਆ ਜਾ ਰਿਹਾ ਹੈ, ਪਰ ਵਿਦੇਸ਼ੀ ਕੈਦੀਆਂ ਦਾ ਹੀ ਟੈਸਟ ਕੀਤਾ ਜਾਂਦਾ ਹੈ । ਹਾਲਾਂਕਿ ਜੇਲ੍ਹਰ ਦੇ ਇਸ ਤਰਕ ਬਾਰੇ ਵੀ ਕੋਈ ਰਾਏ ਨਹੀਂ ਸੀ, ਪਰ ਉੱਪ-ਰਾਜਪਾਲ ਨੇ ਸਪੱਸ਼ਟ ਤੌਰ 'ਤੇ ਕਿਹਾ, "ਟਾਪੂ-ਵਾਸੀਆਂ ਵਿਚ ਏਡਸ ਦਾ ਕੋਈ ਮਾਮਲਾ ਨਹੀਂ ਹੈ । ਇਸ ਲਈ ਅਸੀਂ ਜੇਲ੍ਹ ਵਿਚ ਬੰਦ ਆਪਣੇ ਲੋਕਾਂ ਉੱਤੇ ਸ਼ੱਕ ਨਹੀਂ ਕਰ ਸਕਦੇ ।" ਟਾਪੂ ਵਾਸੀਆਂ ਵਿੱਚ ਮੂਲ ਆਦਿਵਾਸੀ ਅਤੇ ਉੱਥੇ ਵੱਸੇ ਹੋਰ ਲੋਕ ਸ਼ਾਮਲ ਹਨ ।

ਡਾ. ਸ਼ਾਹ ਵੀ ਇਹ ਹੀ ਵਿਚਾਰ ਰੱਖਦੇ ਹਨ ਅਤੇ ਕਹਿੰਦੇ ਹਨ ਕਿ, "ਸੰਨ 1994 ਤੋਂ ਕੀਤੇ ਜਾ ਰਹੇ ਪਰੀਖਣਾਂ ਵਿੱਚ 98 ਵਿਅਕਤੀ ਵਿਸ਼ਾਣੂ ਨਾਲ ਗ੍ਰਸਤ ਪਾਏ ਗਏ ਹਨ । ਇਹਨਾਂ ਵਿੱਚੋਂ 78 ਥਾਈ ਅਤੇ ਬਰਮੀ ਸ਼ਿਕਾਰੀ ਸਨ, 50 ਪ੍ਰਤੀਸ਼ਤ ਤੋਂ ਜ਼ਿਆਦਾ ਅਜਿਹੇ ਲੋਕ ਸਨ ਜੋ ਇੱਥੇ ਵੱਸੇ ਨਹੀਂ ਹਨ, ਬਲਕਿ ਵਪਾਰ ਜਾਂ ਕੰਮ ਦੇ ਸਿਲਸਿਲੇ ਵਿੱਚ ਆਉਂਦੇ ਜਾਂਦੇ ਰਹਿੰਦੇ ਹਨ ਅਤੇ ਬਾਕੀ ਰੱਖਿਆ ਕਰਮੀ ਹਨ ਜਿਨ੍ਹਾਂ ਵਿੱਚ ਮੁੱਖ-ਭੂਮੀ ਦੇ ਮਲਾਹ ਵੀ ਸ਼ਾਮਲ ਹਨ ।" ਡਾ. ਸ਼ਾਹ ਦੀ ਪਰਿਭਾਸ਼ਾ ਅਨੁਸਾਰ ਆਉਂਦੇ ਜਾਂਦੇ ਲੋਕ ਅਤੇ ਰੱਖਿਆ ਕਰਮੀ ਸਥਾਨਕ ਲੋਕਾਂ ਵਿੱਚ ਨਹੀਂ ਗਿਣੇ ਜਾਂਦੇ ।

ਕੀ ਇਸ ਤਰ੍ਹਾਂ ਕਹਿਣ ਨਾਲ 'ਸਥਾਨਕ ਲੋਕ' ਏਡਸ ਦੇ



ਵਿਸ਼ਾਣੂਆਂ ਤੋਂ ਮੁਕਤ ਰਹਿਣਗੇ ? ਇਕ ਬਹੁਤ ਵੱਡੇ ਸਰਕਾਰੀ ਅਧਿਕਾਰੀ ਨੇ ਤਲਖੀ ਵਿਚ ਕਿਹਾ, "ਏਡਸ ਨਾਲ ਪ੍ਰਭਾਵਤ ਲੋਕਾਂ ਦੀ ਸਥਾਨਕ ਲੋਕਾਂ ਨਾਲ ਘੁਲ-ਮਿਲ ਜਾਣ ਦੀ ਸੰਭਾਵਨਾ ਬਹੁਤ ਹੀ ਘੱਟ ਹੈ ਕਿਉਂਕਿ ਰੱਖਿਆ ਕਰਮੀ ਆਪਣੀਆਂ ਬੈਰਕਾਂ ਵਿਚ ਰਹਿੰਦੇ ਹਨ ।" ਇਹ ਪੁੱਛਣ 'ਤੇ ਕਿ ਕੀ ਟਾਪੂ ਵਾਸੀ ਮੁੱਖ-ਭੂਮੀ ਵਿੱਚ ਨਹੀਂ ਆਉਂਦਾ ਤਾਂ ਉਹ ਜਵਾਬ ਨਹੀਂ ਦੇ ਸਕੇ ।

ਇਹ ਸਪੱਸ਼ਟ ਹੈ ਕਿ ਉਹਨਾਂ ਦੀ ਕੋਸ਼ਿਸ਼ ਟਾਪੂ ਵਾਸੀਆਂ ਨੂੰ ਬਚਾਉਣ ਦੀ ਹੈ । ਸ਼੍ਰੀ ਗੁਪਤਾ ਮੰਨਦੇ ਹਨ, "ਮੈਂ ਹਮੇਸ਼ਾਂ ਕਹਿੰਦਾ ਰਿਹਾ ਹਾਂ ਕਿ ਸਾਨੂੰ ਟਾਪੂ ਵਾਸੀਆਂ ਨੂੰ ਬਚਾਉਣ ਲਈ ਕੈਦੀਆਂ ਦੀ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਹੀ ਉਹਨਾਂ ਨੂੰ ਰਿਹਾ ਕਰ ਦੇਣਾ ਚਾਹੀਦਾ ਹੈ । ਜੇਕਰ ਇਸ ਨਾਲ ਕਾਨੂੰਨ ਤੋੜਨ ਵਾਲਿਆਂ ਨੂੰ ਹੌਂਸਲਾ ਮਿਲਦਾ ਹੈ ਤਾਂ ਅਸੀਂ ਆਪਣੇ ਵਤੀਰੇ ਉੱਤੇ ਦੁਬਾਰਾ ਵਿਚਾਰ ਕਰ ਸਕਦੇ ਹਾਂ ।"

ਅੰਡੇਮਾਨ ਪ੍ਰਸ਼ਾਸਨ ਦਾ ਵਤੀਰਾ ਐਚ.ਆਈ.ਵੀ. ਦੇ ਪ੍ਰਤੀ ਓਦਾਂ ਦਾ ਹੀ ਹੈ ਜਿੱਦਾਂ ਦਾ ਵਤੀਰਾ ਦਿੱਲੀ ਦੇ ਨੌਕਰਸ਼ਾਹਾਂ ਦਾ 80 ਦੇ ਦਸ਼ਕ ਦੇ ਅੱਧ ਵਿੱਚ ਸੀ, ਜਦੋਂ ਦੇਸ਼ ਵਿੱਚ ਐਚ.ਆਈ.ਵੀ. ਦੇ ਪਹਿਲੇ ਮਾਮਲਿਆਂ ਦਾ ਪਤਾ ਚੱਲਿਆ ਸੀ । ਭਾਰਤੀ ਚਿਕਿਤਸਾ ਅਨੁਸੰਧਾਨ ਪ੍ਰੀਸ਼ਦ ਨੇ ਐਚ.ਆਈ.ਵੀ. ਨੂੰ ਵਿਦੇਸ਼ੀਆਂ ਦਾ ਰੋਗ ਮੰਨਿਆ ਸੀ ਅਤੇ ਦੇਸ਼ ਵਿੱਚ ਆਉਣ ਵਾਲੇ ਵਿਦੇਸ਼ੀਆਂ ਨੂੰ ਦੇਸ਼ ਵਿੱਚ ਦਾਖ਼ਲ ਨਾ ਹੋਣ ਦੀ ਵਕਾਲਤ ਕੀਤੀ ਸੀ । ਇਸ ਵਤੀਰੇ ਦੇ ਨਾਲ ਹੀ ਦੇਸ਼ ਵਿੱਚ ਸੰਕ੍ਰਾਮਤ ਪਾਏ ਗਏ ਲੋਕਾਂ ਨੂੰ ਅਲੱਗ-ਅਲੱਗ ਰੱਖਣ ਦੀ ਨੀਤੀ ਵੀ ਅਪਨਾਈ ਗਈ ਸੀ । ਇਸ ਨੀਤੀ ਨੇ ਲੋਕਾਂ ਦੇ ਮੌਲਿਕ ਅਧਿਕਾਰਾਂ ਬਾਰੇ ਕਈ ਸਵਾਲ ਖੜ੍ਹੇ ਕਰ ਦਿੱਤੇ ਸਨ ਕਿਉਂਕਿ ਇਸ ਦੇ ਤਹਿਤ ਜ਼ਰੂਰੀ ਪਰੀਖਣ ਕਰਕੇ ਸੰਕ੍ਰਾਮਤ ਲੋਕਾਂ ਨੂੰ ਇਕ ਦੂਜੇ ਤੋਂ ਅਲਾਇਦਾ ਕਰ ਦਿੱਤਾ ਜਾਂਦਾ ਸੀ । ਪਰ ਇਸ ਨੂੰ ਲਾਗੂ ਕਰਨਾ ਵਿਵਹਾਰਕ ਤੌਰ 'ਤੇ ਸੰਭਵ ਨਹੀਂ ਸੀ

ਕਿਉਂਕਿ ਦੇਸ਼ ਦੀ ਆਬਾਦੀ ਜ਼ਿਆਦਾ ਹੈ ਅਤੇ ਸੁਵਿਧਾਵਾਂ ਘੱਟ ਹਨ । ਉਸ ਤੋਂ ਬਾਅਦ ਇਹ ਮਹਿਸੂਸ ਕੀਤਾ ਗਿਆ ਕਿ ਐਚ.ਆਈ.ਵੀ. ਲਈ ਕੋਈ ਭੂਗੋਲਿਕ, ਜਾਤ ਜਾਂ ਧਰਮ ਦਾ ਬੰਧਨ ਨਹੀਂ ਹੈ ।

ਹੁਣ ਏਡਸ ਉੱਤੇ ਰਾਸ਼ਟਰੀ ਨੀਤੀ ਦੇ ਦਿਸ਼ਾ-ਨਿਰਦੇਸ਼ਾਂ ਦੇ ਤਹਿਤ ਜ਼ਰੂਰੀ ਪਰੀਖਣ ਅਤੇ ਇਕ ਦੂਜੇ ਤੋਂ ਅਲਾਇਦਾ ਰੱਖਣ 'ਤੇ ਰੋਕ ਲਗਾ ਦਿੱਤੀ ਗਈ ਹੈ । ਟਾਪੂ ਸਮੂਹ ਵਿੱਚ ਕਥਿਤ ਤੌਰ 'ਤੇ ਸੰਕ੍ਰਮਿਤ ਪਾਏ ਗਏ 20 ਭਾਰਤੀਆਂ ਨੂੰ ਦੂਸਰਿਆਂ ਤੋਂ ਅਲੱਗ ਨਹੀਂ ਰੱਖਿਆ ਜਾ ਸਕਦਾ ਅਤੇ ਬਾਕੀ ਰਹਿ ਗਈ ਐਚ.ਆਈ.ਵੀ. ਨੈਗਟਿਵ (ਸੰਕ੍ਰਮਣ ਤੋਂ ਮੁਕਤ) ਮੰਨੀ ਗਈ ਆਬਾਦੀ ਮੁੱਖ-ਭੂਮੀ ਨੂੰ ਜਾਣ ਅਤੇ ਦੂਸਰੇ ਲੋਕਾਂ ਨਾਲ ਮੇਲ-ਜੋਲ ਵਧਾਉਣ ਆਦਿ ਦੇ ਲਈ ਆਜ਼ਾਦ ਹੈ । ਇਹ ਯਾਦ ਰੱਖਣਾ ਵੀ ਜ਼ਰੂਰੀ ਹੈ ਕਿ ਸੰਕ੍ਰਮਣ ਕੇਵਲ ਯੋਨ-ਸੰਬੰਧਾਂ ਨਾਲ ਹੀ ਨਹੀਂ ਹੁੰਦਾ ਬਲਕਿ ਸੰਕ੍ਰਮਿਤ ਵਿਅਕਤੀ ਦਾ ਖ਼ੂਨ ਦੂਸਰੇ ਸਿਹਤਮੰਦ ਵਿਅਕਤੀ ਨੂੰ ਚੜ੍ਹਾ ਦਿੱਤਾ ਜਾਵੇ ਤਾਂ ਵੀ ਇਹ ਵਿਸ਼ਾਣੂ ਸਿੱਧੇ ਖ਼ੂਨ ਚੜ੍ਹਾਉਣ ਵਾਲੇ ਵਿਅਕਤੀ ਦੇ ਖ਼ੂਨ ਵਿੱਚ ਚਲੇ ਜਾਂਦੇ ਹਨ । ਅੰਡੇਮਾਨ ਨਿਕੋਬਾਰ ਟਾਪੂ ਸਮੂਹ ਵਿੱਚ ਕੇਵਲ ਇਕ ਪੋਰਟ ਬਲੇਅਰ ਦੇ ਜੀ.ਬੀ. ਮੰਤ ਹਸਪਤਾਲ ਵਿੱਚ ਐਚ.ਆਈ.ਵੀ. ਦਾ ਪਰੀਖਣ ਕਰਨ ਦੀਆਂ ਸੁਵਿਧਾਵਾਂ ਹਨ । ਕਾਰ ਨਿਕੋਬਾਰ ਦਾ ਸਿਵਲ ਹਸਪਤਾਲ ਅਤੇ ਦੂਸਰੇ ਸਮੁਦਾਇ ਸਿਹਤ ਕੇਂਦਰਾਂ ਵਿੱਚ ਇਹ ਸੁਵਿਧਾ ਨਹੀਂ ਹੈ ।

ਏਡਸ ਨਾਲ ਲੜਨ ਦਾ ਸਭ ਤੋਂ ਚੰਗਾ ਹਥਿਆਰ ਸਿੱਖਿਆ ਹੈ । ਪ੍ਰਸ਼ਾਸਨ ਦੇ ਅਨੁਸਾਰ ਇਸ ਰੋਗ ਦੇ ਬਾਰੇ ਵਿੱਚ ਜਾਗਰੂਕਤਾ ਬਹੁਤ ਜ਼ਿਆਦਾ ਹੈ ਕਿਉਂਕਿ 74 ਪ੍ਰਤੀਸ਼ਤ ਟਾਪੂ ਵਾਸੀ ਪੜ੍ਹੇ-ਲਿਖੇ ਹਨ । ਉੱਪ-ਰਾਜਪਾਲ ਦਾ ਕਹਿਣਾ ਹੈ ਕਿ "ਇੱਥੇ ਬੱਚਾ-ਬੱਚਾ ਇਸ ਰੋਗ ਬਾਰੇ ਜਾਣਦਾ ਹੈ" ।

ਇਸ ਉੱਤੇ ਸ਼ੱਕ ਹੋਣਾ ਸੁਭਾਵਿਕ ਹੈ, ਕਿਉਂਕਿ ਨੌਕਰਸ਼ਾਹੀ



ਦੇ ਸਭ ਤੋਂ ਉੱਚੇ ਸਤੱਰ 'ਤੇ ਇਸ ਬਿਮਾਰੀ ਦੇ ਬਾਰੇ ਵਿੱਚ ਗ਼ਲਤ ਧਾਰਨਾਵਾਂ ਬਣੀਆਂ ਹੋਈਆਂ ਹਨ । ਇੱਥੋਂ ਦੇ ਅਖ਼ਬਾਰਾਂ ਵਿੱਚ ਪਹਿਲੇ ਪੰਨੇ ਦੀਆਂ ਖ਼ਬਰਾਂ ਵਿੱਚ ਸਲਾਹ ਦਿੱਤੀ ਜਾਂਦੀ ਹੈ : "ਵਿਦੇਸ਼ੀ ਨਾਗਰਿਕ ਜਿਉਂ ਹੀ ਪਕੜੇ ਜਾਣ, ਉਹਨਾਂ ਦਾ ਏਡਸ ਦੇ ਲਈ ਪਰੀਖਣ ਜ਼ਰੂਰੀ ਕਰ ਦੇਣਾ ਚਾਹੀਦਾ ਹੈ ਅਤੇ ਉਹਨਾਂ ਨੂੰ ਉਸੇ ਵੇਲੇ ਅਲੱਗ ਕਰ ਦੇਣਾ ਚਾਹੀਦਾ ਹੈ ਅਤੇ ਜਿੰਨੀ ਜਲਦੀ ਹੋ ਸਕੇ ਉਹਨਾਂ ਨੂੰ ਵਾਪਸ ਭੇਜ ਦੇਣਾ ਚਾਹੀਦਾ ।"

ਰਾਸ਼ਟਰੀ ਏਡਸ ਨਿਯੰਤਰਣ ਸੰਗਠਨ ਦੇ ਇਲਾਵਾ ਪਰਿਯੋਜਨਾ ਨਿਦੇਸ਼ਕ (ਤਕਨੀਕੀ) ਡਾ. ਪੀ.ਐਲ. ਜੋਸ਼ੀ ਦਾ ਕਹਿਣਾ ਹੈ ਕਿ ਉਹਨਾਂ ਦੇ ਸੰਗਠਨ ਦੇ ਨੀਤੀ-ਨਿਰਦੇਸ਼ਾਂ ਦੇ ਅਨੁਸਾਰ ਕੈਦੀਆਂ ਨੂੰ ਸੂਚਿਤ ਕਰਕੇ ਅਤੇ ਉਹਨਾਂ ਦੀ ਮਰਜ਼ੀ ਨਾਲ ਹੀ ਉਹਨਾਂ ਦਾ ਪਰੀਖਣ ਕੀਤਾ ਜਾ ਸਕਦਾ ਹੈ । ਇਸ ਨੀਤੀ ਦੇ ਤਹਿਤ ਜੇਲ੍ਹ ਦੇ ਕੈਦੀਆਂ ਨੂੰ ਕੀ ਅਲੱਗ-ਅਲੱਗ ਰੱਖਿਆ ਜਾ ਸਕਦਾ ਹੈ ? ਉਹ ਸਪੱਸ਼ਟ ਸ਼ਬਦਾਂ ਵਿੱਚ ਕਹਿੰਦੇ ਹਨ—"ਬਿਲਕੁੱਲ ਨਹੀਂ, ਅਲੱਗ-ਅਲੱਗ ਰੱਖਣਾ ਅਤੇ ਉਹਨਾਂ ਨਾਲ ਭੇਦ-ਭਾਵ ਕਰਨਾ ਨੀਤੀ ਦੇ ਖ਼ਿਲਾਫ਼ ਹੈ ।' ਪਰ ਪਰੋਥਰਾ ਦੇ ਜ਼ੇਲ੍ਹ ਅਧਿਕਾਰੀਆਂ ਨੂੰ ਚਿੰਤਾ ਹੈ ਕਿ ਸੰਕ੍ਰਾਮਿਤ ਪਾਏ ਗਏ ਰੋਗੀਆਂ ਨੂੰ ਕਿਵੇਂ ਅਲੱਗ ਰੱਖਿਆ ਜਾਵੇ । ਜੇਲ੍ਹਰ ਨੂੰ ਚਿੰਤਾ ਸੀ ਕਿ ਰਾਤ ਨੂੰ ਅਸੀਂ ਸੰਕ੍ਰਾਮਿਤ ਵਿਅਕਤੀਆਂ ਦੇ ਗਰੁੱਪ ਨੂੰ ਕੋਠਰੀਆਂ ਵਿਚ ਬੰਦ ਕਰ ਦਿੰਦੇ ਹਾਂ, ਲੇਕਿਨ ਸਵੇਰੇ ਤਾਲੇ ਖੋਲ੍ਹ ਦਿੱਤੇ ਜਾਂਦੇ ਹਨ । ਉਹ ਦੂਸਰੇ ਕੈਦੀਆਂ ਨਾਲ ਮਿਲ-ਜੁੱਲ ਸਕਦੇ ਹਨ ।

ਹਿੰਦੁਸਤਾਨ, 22 ਮਾਰਚ 1999

# ਪੁਰਖਾਂ ਦਾ ਸਰਾਪ

-ਚੰਦਰ ਭੂਸ਼ਣ

ਸ਼ੁਰੂਆਤ ਵਿੱਚ ਇਸ ਸਦੀ ਦੀ ਰੁਮਾਂਟਿਕ ਬਿਮਾਰੀ ਸਿਰਫ਼ ਇਹ ਹੋਇਆ ਕਰਦੀ ਸੀ—ਟੀ.ਬੀ. । ਦੁਨੀਆਂ ਦੇ ਤਮਾਮ ਰੁਮਾਂਟਿਕ ਮਿਜਾਜ਼ ਲੇਖਕਾਂ ਨੇ ਆਪਣੀਆਂ ਕਹਾਣੀਆਂ ਵਿੱਚ ਅਤੇ ਕਦੇ ਕਦੇ ਆਪਣੇ ਜੀਵਨ ਵਿੱਚ ਵੀ ਇਸ ਬਿਮਾਰੀ ਨੂੰ ਅਪਣਾਇਆ । ਕੁਦਰਤੀ ਮੌਤ ਤੋਂ ਬਗੈਰ ਇਕ ਸ਼ਰਤੀਆ ਤੌਰ 'ਤੇ ਅਕਾਲ ਮਜ਼ਬੂਤ ਐਂਟੀਬਾਇਓਟਿਕਸ ਦੀ ਖੋਜ ਨੇ ਟੀ.ਬੀ. ਬਿਮਾਰੀ ਦੀ ਭਾਵ-ਪ੍ਰਧਾਨਤਾ ਨੂੰ ਉਸ ਦੀ ਗਤੀ ਤੋਂ ਬਾਹਰ ਕਰ ਦਿੱਤਾ । ਇਸ ਤੋਂ ਬਾਅਦ ਅਸੀਂ ਬਲੱਡ-ਕੈਂਸਰ, ਜਿਸ ਦਾ ਇਕ-ਮਾਤਰ ਇਲਾਜ ਅਸਿਥ-ਮੱਜਾ ਪ੍ਰਤਿਰੋਪਣ ਹੈ ਜਿਹੜਾ ਹਾਲੇ ਵੀ ਕਾਫ਼ੀ ਮਹਿੰਗਾ, ਕਸ਼ਟਦਾਇਕ ਅਤੇ ਭਰੋਸੇਯੋਗ ਨਹੀਂ ਹੈ; ਇਸ ਲਈ, ਇਸ ਨੂੰ ਹਾਲੇ ਵੀ ਨਾ ਠੀਕ ਹੋਣ ਵਾਲਾ ਰੋਗ ਮੰਨਿਆ ਜਾ ਰਿਹਾ ਹੈ । ਇਸ ਦੇ ਬਾਵਜੂਦ ਵੀ, ਪਤਾ ਨਹੀਂ ਕਿਉਂ ਟੀ.ਬੀ. ਵਰਗੀ ਰੋਮਾਂਚਿਕ ਗੌਰਵ ਇਸ ਬਿਮਾਰੀ ਨੂੰ ਹਾਲੇ ਹਾਸਲ ਨਹੀਂ ਹੋਇਆ ਹੈ ਅਤੇ ਹੁਣ ਸਦੀ ਦੇ ਅਖ਼ੀਰਲੇ ਦੋ ਦਸ਼ਕਾਂ ਵਿੱਚ ਇਕ ਹੋਰ ਜਾਨਲੇਵਾ ਬਿਮਾਰੀ ਉੱਭਰੀ ਹੈ ਅਤੇ ਉਹ ਹੈ—ਏਡਸ, ਜਿਸਦਾ ਨਾ ਤਾਂ ਕੋਈ ਇਲਾਜ ਹੀ ਉਪਲਬੱਧ ਹੈ ਅਤੇ ਨਾ ਹੀ ਅੱਗੇ ਦੂਰ-ਦੂਰ ਤਕ ਇਸ ਦੇ ਇਲਾਜ ਦੀ ਕੋਈ ਸੰਭਾਵਨਾ ਹੀ ਨਜ਼ਰ ਆ ਰਹੀ ਹੈ । ਇਕ ਮਾਤਰ ਅਮਰੀਕਾ ਅਜਿਹਾ ਦੇਸ਼ ਹੈ ਜਿੱਥੇ ਏਡਸ ਨੂੰ ਲੈ ਕੇ ਚੰਗਾ-ਭਲਾ ਰੋਮਾਂਚਿਕ ਮੇਲੋਡਰਾਮਾ ਉਭਰਦਾ ਦਿਖਾਈ ਦੇ ਰਿਹਾ ਹੈ—ਹੋਰ ਕਿਸੇ ਦੇਸ਼ ਦੀ ਸਮਾਜਿਕ ਨੈਤਿਕਤਾ ਇਸ ਨੂੰ ਕਬੂਲ ਨਹੀਂ ਕਰ ਪਾ ਰਹੀ ਹੈ । ਏਡਸ ਜਿਨ੍ਹਾਂ ਹਾਲਤਾਂ ਵਿਚ ਸੰਭਾਵਤ ਹੈ, ਉਹਨਾਂ ਹਾਲਤਾਂ ਵਿੱਚ ਆਪ ਆਪਣੇ ਨਾਇਕ ਅਤੇ ਨਾਇਕਾ ਨੂੰ ਰੋਲ ਦੇਣਾ ਬੇਹੱਦ ਰੁਮਾਂਟਿਕ ਕਥਾਕਾਰਾਂ ਅਤੇ ਫ਼ਿਲਮ ਵਾਲਿਆਂ ਨੂੰ ਵੀ ਸੰਭਵ ਨਹੀਂ ਹੋ ਪਾ ਰਿਹਾ ਹੈ ।



ਏਡਸ ਵਿਸ਼ਵ ਦੀ ਸਭ ਤੋਂ ਨਵੀਂ, ਸਭ ਤੋਂ ਜ਼ਿਆਦਾ ਖ਼ਤਰਨਾਕ ਅਤੇ ਸਭ ਤੋਂ ਜ਼ਿਆਦਾ ਤੇਜ਼ੀ ਨਾਲ ਫੈਲਣ ਵਾਲੀ ਬਿਮਾਰੀ ਹੈ, ਜਿਸ ਨੂੰ ਹੁਣ ਮਹਾਂਮਾਰੀ ਵੀ ਕਿਹਾ ਜਾਣ ਲੱਗਾ ਹੈ । ਸੰਨ 1983 ਵਿਚ ਪਹਿਲੀ ਵਾਰ ਇਸ ਵਿਸ਼ਾਣੂ ਦੀ ਖੋਜ ਹੋਈ ਜਿਸ ਵਿਸ਼ਾਣੂ ਨਾਲ ਇਹ ਬਿਮਾਰੀ ਫੈਲਦੀ ਹੈ । ਐਚ.ਆਈ.ਵੀ. ਜਾਂ ਮਨੁੱਖੀ ਪ੍ਰਤੀਰੋਧਕਤਾ-ਨਾਸ਼ਕ ਵਿਸ਼ਾਣੂ ਦੇ ਰੂਪ ਵਿੱਚ ਅੱਜ ਇਹ ਵਿਸ਼ਵ-ਪ੍ਰਸਿੱਧ ਹੈ । ਇਹ ਵਿਸ਼ਾਣੂ ਸਰੀਰ ਨੂੰ ਸਿੱਧੇ ਤੌਰ 'ਤੇ ਕੋਈ ਕਸ਼ਟ ਨਹੀਂ ਪਹੁੰਚਾਉਂਦਾ, ਬੱਸ ਲੋਕਾਂ ਦੀ ਰੋਗਾਂ ਨਾਲ ਲੜਨ ਦੀ ਮਨੁੱਖੀ ਸਮਰੱਥਾ ਨੂੰ ਪਹਿਲਾਂ ਆਹਿਸਤਾ-ਆਹਿਸਤਾ ਅਤੇ ਫਿਰ ਬੜੀ ਤੇਜ਼ੀ ਨਾਲ ਚੱਟਦਾ ਜਾਂਦਾ ਹੈ ਅਰਥਾਤ ਜੇ ਇਕ ਵਾਰ ਏਡਸ ਹੋ ਜਾਵੇ ਤਾਂ ਤੁਸੀਂ ਆਪਣੇ ਇਰਦ-ਗਿਰਦ ਫੈਲੀਆਂ ਲੱਖਾਂ-ਕਰੋੜਾਂ ਬਿਮਾਰੀਆਂ ਵਿੱਚੋਂ ਕਿਸੇ ਨਾਲ ਵੀ ਜਾਂ ਕਈ ਹੋਰ ਬਿਮਾਰੀਆਂ ਦੇ ਇਕੱਠੇ ਹਮਲੇ ਨਾਲ ਜਲਦੀ ਤੋਂ ਜਲਦੀ ਮਰ ਜਾਣ ਲਈ ਆਜ਼ਾਦ ਹੋ ਜਾਂਦੇ ਹੋ । ਹੁਣੇ ਡੇਢ ਦਸ਼ਕ ਪਹਿਲਾਂ ਤਕ ਸਾਡੇ ਦੇਸ਼ ਵਿੱਚ ਜਿਹੜੇ ਸੌ-ਪੰਜਾਹ ਲੋਕ ਇਸ ਬਿਮਾਰੀ ਦੇ ਬਾਰੇ ਵਿੱਚ ਜਾਣਦੇ ਸੀ, ਉਹਨਾਂ ਨੂੰ ਇਹ ਬਿਮਾਰੀ ਕਿਸੇ ਹੋਰ ਗ੍ਰਹਿ ਦੀ ਬਿਮਾਰੀ ਲੱਗਦੀ ਸੀ, ਲੇਕਿਨ ਇਕ ਵਾਰ ਜਦੋਂ ਇਸ ਨੂੰ ਭਾਰਤ ਵਿੱਚ ਵੜਨ ਦਾ ਮੌਕਾ ਮਿਲਿਆ ਤਾਂ ਇਸ ਦੇਵ-ਭੂਮੀ ਨੂੰ ਇਸ ਬਿਮਾਰੀ ਨੇ ਆਪਣੇ ਲਈ ਸਭ ਤੋਂ ਸੁੰਦਰ ਜਗ੍ਹਾ ਮੰਨਿਆ । ਗ਼ਰੀਬੀ, ਕੁਪੋਸ਼ਣਤਾ, ਕੋਹੜ, ਟੀ.ਬੀ. ਅਨਪੜ੍ਹਤਾ ਵਰਗੇ ਮਾਮਲਿਆਂ ਦੀ ਹੀ ਤਰ੍ਹਾਂ ਹੁਣ ਅਸੀਂ ਏਡਸ ਦੇ ਮਾਮਲੇ ਵਿੱਚ ਵੀ ਸਭ ਤੋਂ ਅੱਗੇ ਰਹਿਣ ਵਾਲਾ ਦੇਸ਼ ਬਣਨ ਵੱਲ ਛੇਤੀ ਨਾਲ ਵਧ ਰਹੇ ਹਾਂ । ਘੱਟ ਤੋਂ ਘੱਟ ਇਹ ਕੁਝ ਮਾਮਲੇ ਅਜਿਹੇ ਹਨ ਜਿਨ੍ਹਾਂ ਵਿੱਚ ਅਸੀਂ ਵਿਕਾਸਸ਼ੀਲ ਨਹੀਂ ਸਗੋਂ ਵਿਕਸਿਤ ਮੰਨੇ ਜਾਂਦੇ ਹਾਂ । ਏਡਸ ਦੀ ਖਾਮੀਅਤ ਇਹ ਵੀ ਹੈ ਕਿ ਅਮਰੀਕਾ ਅਤੇ ਭਾਰਤ ਲਈ ਇਹ ਇਕ ਬਰਾਬਰ ਮਾਤਰਾ ਦੀ ਸਮੱਸਿਆ ਹੋਣ ਜਾ ਰਹੀ ਹੈ ਅਤੇ ਇਸ ਖੇਤਰ ਵਿੱਚ ਦੋਵਾਂ ਦੇਸ਼ਾਂ ਵਿੱਚ

ਵਿਗਿਆਨਕ ਸਹਿਯੋਗ ਦੀਆਂ ਬਹੁਤ ਉਮੀਦਾਂ ਜਾਗ ਰਹੀਆਂ ਹਨ ।

ਵਿਗਿਆਨ ਲਈ ਏਡਸ ਇਕ ਬਹੁਤ ਵੱਡੀ ਚੁਨੌਤੀ ਹੈ—ਇਸ ਸਦੀ ਦੀਆਂ ਕੁਝ ਖ਼ਤਰਨਾਕ ਚੁਨੌਤੀਆਂ ਵਿੱਚੋਂ ਇਕ ਕੁਝ ਅਹਿਮ ਸਵਾਲ ਉਸ ਦੀ ਪੈਦਾਇਸ਼ ਨਾਲ ਜੁੜੇ ਹਨ । ਇਸ ਦਾ ਆਪਣਾ ਕੋਈ ਮਨੁੱਖੀ ਇਤਿਹਾਸ ਨਹੀਂ ਹੈ, ਇਹ ਮੰਨਿਆ ਗਿਆ ਹੈ । ਭੂ-ਮੱਧ ਰੇਖਾ ਦੇ ਪੱਛਮੀ ਅਫਰੀਕਾ ਦੇ ਬਿਨਾਂ ਪੂਛ ਵਾਲੇ ਕਾਲੇ ਬੰਦਰ-ਚਿੰਪਾਜੀਆਂ ਵਿੱਚ ਇਸ ਨਾਲ ਮਿਲਦਾ-ਜੁਲਦਾ ਵਾਇਰਸ ਪਾਏ ਜਾਣ ਦੀ ਖ਼ਬਰ ਪੁਰਾਣੀ ਹੈ । ਐਚ.ਆਈ.ਵੀ. ਨਾਲ ਮਿਲਦਾ-ਜੁਲਦਾ ਇਹ ਵਾਇਰਸ ਐਚ.ਆਈ.ਵੀ. ਅਤੇ ਪ੍ਰਤੀਰੋਧ ਸ਼ਕਤੀ-ਨਾਸ਼ਕ ਵਿਸ਼ਾਣੂ ਚਿੰਪਾਂਜੀਆਂ ਦੇ ਕੁਝ ਚੋਣਵੇਂ ਨਮੂਨਿਆਂ ਵਿੱਚ ਹੀ ਵੇਖਿਆ ਗਿਆ ਹੈ । ਉੱਥੇ ਵੀ ਇਸ ਦੇ ਪ੍ਰਭਾਵ ਮਨੁੱਖਾਂ ਉੱਤੇ ਪੈਣ ਵਾਲੇ ਪ੍ਰਭਾਵਾਂ ਵਰਗੇ ਹੀ ਹੁੰਦੇ ਹਨ, ਪਰੰਤੂ ਚਿੰਪਾਜੀਆਂ ਦੀਆਂ ਸਰੀਰਕ ਪ੍ਰਤੀਕ੍ਰਿਆਵਾਂ ਦੇ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਇਹ ਵਿਸ਼ਾਣੂ ਉਹਨਾਂ ਲਈ ਮਨੁੱਖਾਂ ਦੀ ਤਰ੍ਹਾਂ ਨਵੇਂ ਨਹੀਂ ਹਨ, ਸਗੋਂ ਇਹ ਹਜ਼ਾਰਾਂ ਪੀੜ੍ਹੀਆਂ ਪੁਰਾਣੇ ਹਨ । ਇਸ ਸਿਲਸਿਲੇ ਵਿੱਚ ਨਵੀਂ ਖ਼ਬਰ ਇਹ ਹੈ ਕਿ ਅਮਰੀਕੀ ਵਿਗਿਆਨੀ ਬ੍ਰਿਟਿਸ਼ ਐਚ. ਹਾਨ ਨੇ ਚਿੰਪਾਂਜੀਆਂ ਦੀ ਇਕ ਖ਼ਾਸ ਜਾਤ ਪੈਨ ਟ੍ਰੋਗਲੋਡਾਇਟਸ ਵਿੱਚ ਪਾਏ ਜਾਣ ਵਾਲੇ ਐਚ.ਆਈ.ਵੀ. ਨੂੰ ਮਨੁੱਖ ਵਿਚ ਪਾਏ ਜਾਣ ਵਾਲੇ ਐਚ. ਆਈ.ਵੀ ਦਾ ਪੂਰਵਜ ਠੀਕ-ਠਾਕ ਮੰਨ ਲਿਆ ਹੈ ।

ਏਡਸ ਦੇ ਇਤਿਹਾਸ-ਭੂਗੋਲ ਨਾਲ ਜੁੜੀਆਂ ਇਹ ਖੋਜਾਂ ਮਹੱਤਵਪੂਰਨ ਹਨ । ਲੇਕਿਨ ਸਭ ਤੋਂ ਜ਼ਿਆਦਾ ਮਹੱਤਵਪੂਰਨ ਹੈ ਇਸ ਦਾ ਇਲਾਜ, ਬਲਕਿ ਵੈਕਸੀਨ ਵਰਗੇ ਵੱਡੇ ਪੈਮਾਨੇ ਦਾ ਇਸ ਤੋਂ ਛੁਟਕਾਰਾ ਪਾਉਣ ਵਾਲਾ ਕੋਈ ਇਲਾਜ, ਜਿਸ ਦੀ ਸੰਭਾਵਨਾ ਦੂਰ-ਦੂਰ ਤਕ ਕਿਤੇ ਦਿਖਾਈ ਨਹੀਂ ਦੇ ਰਹੀ ਹੈ । ਵਿਸ਼ਾਣੂਆਂ ਦੇ ਅਧਿਐਨ ਦੇ ਸਮੁੱਚੇ ਇਤਿਹਾਸ ਵਿੱਚ ਏਡਸ ਦਾ ਵਾਇਰਸ ਵਰਗਾ ਚਾਲਾਕ, ਫੁਰਤੀਲਾ ਅਤੇ ਬਹੁ-ਰੂਪੀਆ ਵਾਇਰਸ ਕੋਈ ਹੋਰ ਨਹੀਂ ਦੇਖਿਆ



ਗਿਆ । ਇਹ ਬੜੀ ਤੇਜ਼ੀ ਨਾਲ ਆਪਣੀਆਂ ਨਕਲਾਂ ਤਿਆਰ ਕਰਦਾ ਹੈ ਅਤੇ ਇਹਨਾਂ ਨਕਲਾਂ ਦੀਆਂ ਸ਼ਕਲਾਂ ਹਮੇਸ਼ਾਂ ਇਕੋ ਜਿਹੀਆਂ ਨਹੀਂ ਹੁੰਦੀਆਂ । ਇਹ ਨਵੀਆਂ-ਨਵੀਆਂ ਸਥਿੱਤੀਆਂ ਦੇ ਅਨੁਸਾਰ ਆਪਣੇ ਆਪ ਦਾ ਵਿਕਾਸ ਕਰਦਾ ਹੈ । ਕਿਸੇ ਇਕ ਮਨੁੱਖੀ-ਸਰੀਰ ਵਿੱਚ ਦੋ ਸਾਲ ਦੇ ਅੰਦਰ ਐਚ.ਆਈ.ਵੀ. ਇੰਨਾ ਵਿਕਾਸ ਕਰ ਲੈਂਦਾ ਹੈ, ਜਿੰਨਾ ਮਨੁੱਖ ਨੇ ਪਿਛਲੇ ਵੀਹ ਲੱਖ ਸਾਲਾਂ ਵਿੱਚ ਕੀਤਾ ਹੈ । ਸਭ ਤੋਂ ਵਧ ਕੇ ਇਹ ਗੱਲ ਹੈ ਕਿ ਪ੍ਰਤੀਰੋਧਕ ਤੋਂ ਬਚਣ ਲਈ ਐਚ.ਆਈ.ਵੀ. ਮਨੁੱਖੀ ਕੋਸ਼ਕਾਵਾਂ ਵਿੱਚ ਮੌਜੂਦ ਗੁਣਸੂਤਰਾਂ ਵਿੱਚ ਆਪਣੇ ਡੀ.ਐਨ.ਏ. ਦੀ ਛਾਪ ਛੱਡ ਦਿੰਦਾ ਹੈ, ਅਰਥਾਤ ਜੇਕਰ ਇਸ ਦੀ ਕੋਈ ਦਵਾਈ ਜਾਂ ਪ੍ਰਤੀਰੋਧੀ ਵੈਕਸੀਨ ਤਿਆਰ ਕਰ ਵੀ ਲਈ ਜਾਵੇ ਤਾਂ ਵੀ ਕਿਉਂਕਿ ਕਿਸੇ ਮਨੁੱਖ ਵਿੱਚ ਇਕੋ ਵਾਰੀ ਇਸ ਦੇ ਕਈ ਕਈ ਰੂਪ ਮੌਜੂਦ ਹਨ ਅਤੇ ਕਿਉਂਕਿ ਇਹ ਲਗਾਤਾਰ ਜ਼ਿਆਦਾ ਵਿਕਸਿਤ ਰੂਪ ਲੈਂਦਾ ਜਾ ਰਿਹਾ ਹੈ, ਲਿਹਾਜਾ ਇਸ ਦਾ ਕੋਈ ਨਾ ਕੋਈ ਰੂਪ ਇਸ ਤੋਂ ਬਚ ਹੀ ਨਿਕਲੇਗਾ । ਜੇਕਰ ਇਸ ਦਾ ਵੀ ਸਮਾਧਾਨ ਹੋ ਜਾਏ ਤਾਂ ਇਹ ਜ਼ਿੰਦਾ ਕੋਸ਼ਕਾਵਾਂ ਦੇ ਅੰਦਰ ਛੁਪ ਕਰ ਬੈਠਾ ਰਹੇਗਾ ਕਿਉਂਕਿ ਕੋਸ਼ਕਾਵਾਂ ਨੂੰ ਨਸ਼ਟ ਕਰਨਾ ਇਕ ਪ੍ਰਕਾਰ ਨਾਲ ਮਨੁੱਖ ਨੂੰ ਹੀ ਨਸ਼ਟ ਕਰਨਾ ਹੋਵੇਗਾ, ਲਿਹਾਜਾ ਮੌਕਾ ਮਿਲਦੇ ਹੀ ਇਹ ਫਿਰ ਤੋਂ ਉਭਰ ਆਵੇਗਾ । ਭਵਿੱਖ ਦੀਆਂ ਆਸ਼ਾਵਾਦੀ ਤਸਵੀਰਾਂ ਲਈ ਮਸ਼ਹੂਰ ਅਮਰੀਕੀ ਥਿੰਕਟੈਂਕ ਨੂੰ ਅਗਲੀ ਸਦੀ ਵਿੱਚ ਵੀ ਏਡਸ ਦਾ ਸਮਾਧਾਨ ਹੁੰਦਾ ਦਿਖਾਈ ਨਹੀਂ ਦੇ ਰਿਹਾ । ਇਸ ਤੋਂ ਇਹ ਲੱਗਦਾ ਹੈ ਕਿ 21ਵੀਂ ਸਦੀ ਵਿੱਚ ਵੀ ਨੈਤਿਕਤਾ ਅਤੇ ਰੋਮਾਂਟਿਕ ਮੇਲੋਡਰਾਮੇ ਦਾ ਘੱਟ ਤੋਂ ਘੱਟ ਇਕ ਰੱਖਿਅਕ ਤੱਤ ਸਾਡੇ ਅੰਦਰ ਮੌਜੂਦ ਹੀ ਰਹੇਗਾ ।

ਜਨਸੱਤਾ 9 ਫ਼ਰਵਰੀ 1999

# ਏਡਸ ਦੇ ਖ਼ਿਲਾਫ਼ ਜੰਗ

-ਡਾ: ਏ.ਕੇ. ਅਰੁਣ

ਏਡਸ ਹੁਣ ਤਕ ਸਭ ਤੋਂ ਘਾਤਕ ਮੰਨੇ ਜਾਣ ਵਾਲੇ ਰੋਗਾਂ ਵਿੱਚੋਂ ਪ੍ਰਮੁੱਖ ਹੈ । ਇਸ ਰੋਗ ਦੇ ਪਤਾ ਲੱਗਣ ਤੋਂ ਡੇਢ ਦਹਾਕੇ ਬਾਅਦ ਵੀ ਇਹ ਓਨਾ ਹੀ ਜਟਿਲ ਪ੍ਰਤੀਤ ਹੁੰਦਾ ਹੈ, ਜਿੰਨਾ ਇਹ ਸ਼ੁਰੂ ਵਿੱਚ ਰਿਹਾ । ਵਿਸ਼ਵ ਸਿਹਤ ਸੰਗਠਨ (ਡਬਲਊ.ਯੂ.ਐਚ.ਓ.) ਦੇ ਅਨੁਸਾਰ ਦੁਨੀਆਂ ਵਿਚ 3 ਕਰੋੜ 60 ਲੱਖ ਲੋਕ ਐਚ.ਆਈ.ਵੀ. ਨਾਲ ਸੰਕ੍ਰਮਿਤ ਹਨ । ਆਂਕੜੇ ਦੱਸਦੇ ਹਨ ਕਿ ਐਚ.ਆਈ.ਵੀ. ਸੰਕ੍ਰਮਣ ਅਤੇ ਇਸੇ ਤਰ੍ਹਾਂ ਏਡਸ ਦੇ ਮਾਮਲੇ ਵਿੱਚ ਸਭ ਤੋਂ ਬੁਰੀ ਸਥਿਤੀ ਏਸ਼ੀਆ ਮਹਾਂਦੀਪ ਦੀ ਹੈ ਜਿੱਥੇ ਇਕੱਲੇ 90 ਪ੍ਰਤੀਸ਼ਤ ਸੰਕ੍ਰਮਿਤ ਲੋਕ ਆਉਂਦੇ ਹਨ । ਭਵਿੱਖ ਵਿੱਚ ਜੇਕਰ ਸਾਵਧਾਨੀ ਦੇ ਕਦਮ ਨਹੀਂ ਚੁੱਕੇ ਗਏ ਤਾਂ ਸਥਿੱਤੀ ਭਿਆਨਕ ਹੋਵੇਗੀ ।

ਏਡਸ ਵਾਇਰਸ ਦੇ ਫੈਲਣ ਦੇ ਬਾਰੇ ਪਹਿਲਾਂ ਕੋਈ ਅਨੁਮਾਨ ਨਹੀਂ ਲਗਾਇਆ ਜਾ ਸਕਦਾ । ਸ਼ੁਰੂਆਤੀ ਹਾਲਤ ਵਿੱਚ ਇਸ ਦਾ ਕੋਈ ਸੰਕੇਤ ਵੀ ਰੋਗੀ ਨੂੰ ਨਹੀਂ ਮਿਲ ਪਾਉਂਦਾ । ਅਸਲ ਵਿੱਚ ਮਨੁੱਖੀ ਸਰੀਰ ਵਿੱਚ ਏਡਸ ਦੇ ਵਿਸ਼ਾਣੂ ਦੇ ਦਾਖ਼ਲ ਹੋਣ 'ਤੇ ਸਰੀਰ ਦੇ ਦੋਵੇਂ (ਸਫ਼ੈਦ ਅਤੇ ਲਾਲ) ਖ਼ੂਨ ਦੀਆਂ ਕੋਸ਼ਕਾਵਾਂ ਟੁੱਟਣ ਲੱਗਦੀਆਂ ਹਨ । ਵੈਸੇ ਤਾਂ ਖ਼ੂਨ ਦੀਆਂ ਸਫ਼ੈਦ ਕੋਸ਼ਕਾਵਾਂ (ਡਬਲਊ.ਬੀ.ਸੀ) ਸਰੀਰ ਵਿੱਚ ਦਾਖ਼ਲ ਹੋਏ ਵਿਸ਼ਾਣੂਆਂ ਨਾਲ ਲੜ ਕੇ ਉਸ ਨੂੰ ਨਸ਼ਟ ਕਰ ਦਿੰਦੀਆਂ ਹਨ ਅਤੇ ਸਰੀਰ ਦਾ ਬਚਾਅ ਕਰਦੀਆਂ ਹਨ । ਅਸਲ ਵਿੱਚ ਸਫ਼ੈਦ ਖ਼ੂਨ ਦੀਆਂ ਕੋਸ਼ਕਾਵਾਂ ਸਰੀਰ ਦੀ ਰੱਖਿਆ ਲਈ ਰੱਖਿਅਕ ਤੰਤੂਆਂ ਦਾ ਨਿਰਮਾਣ ਕਰਦੀਆਂ ਹਨ, ਜਿਨ੍ਹਾਂ ਨੂੰ ਐਂਟੀਬਾਡੀ ਵੀ ਕਹਿੰਦੇ ਹਨ । ਇਨ੍ਹਾਂ ਤੋਂ ਹੀ ਸਰੀਰ ਦੀ ਰੱਖਿਆ-ਪ੍ਰਣਾਲੀ ਬਣਦੀ ਹੈ । ਜਦੋਂ ਐਚ.ਆਈ.ਵੀ. ਅਰਥਾਤ ਏਡਸ ਵਾਇਰਸ ਦਾ ਮਨੁੱਖੀ ਸਰੀਰ ਵਿੱਚ ਪ੍ਰਵੇਸ਼ ਹੁੰਦਾ ਹੈ



ਤਾਂ ਇਹ ਖ਼ੂਨ ਦੇ ਸਫ਼ੈਦ ਸੈੱਲਾਂ ਦੀਆਂ ਟੀ-4 ਨਾਂ ਦੀਆਂ ਕੋਸ਼ਕਾਵਾਂ ਵਿੱਚ ਘੁੱਸ ਕੇ ਉਸ ਦੇ ਵਧਾਉਣ ਵਾਲੇ ਪਦਾਰਥ ਨੂੰ ਆਪਣੇ ਅਧੀਨ ਕਰ ਲੈਂਦੇ ਹਨ ਅਤੇ ਆਪਣੇ ਵੰਸ਼ ਨੂੰ ਵਧਾਉਣ ਵਿੱਚ ਲੱਗ ਜਾਂਦੇ ਹਨ । ਇਸ ਨਾਲ ਸਫ਼ੈਦ ਖ਼ੂਨ ਦੇ ਸੈੱਲ ਘਟਣੇ ਸ਼ੁਰੂ ਹੋ ਜਾਂਦੇ ਹਨ । ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਸਫ਼ੈਦ ਖ਼ੂਨ ਦੀਆਂ ਕੋਸ਼ਕਾਵਾਂ ਦੀ ਰੱਖਿਆ-ਪ੍ਰਣਾਲੀ ਕਮਜ਼ੋਰ ਹੋਣ ਲੱਗ ਜਾਂਦੀ ਹੈ ਅਤੇ ਏਡਸ ਦਾ ਮਨੁੱਖੀ ਸਰੀਰ 'ਤੇ ਬੋਲਬਾਲਾ ਹੋਣ ਲੱਗ ਜਾਂਦਾ ਹੈ ।

ਮਨੁੱਖ ਦੇ ਸਰੀਰ ਵਿੱਚ ਏਡਸ ਦੇ ਲੱਛਣ ਉਭਰਨ ਲੱਗ ਜਾਂਦੇ ਹਨ, ਉਸ ਦਾ ਭਾਰ ਘਟਣ ਲੱਗ ਜਾਂਦਾ ਹੈ, ਲੰਮੇ ਸਮੇਂ ਤਕ ਬੁਖ਼ਾਰ ਰਹਿੰਦਾ ਹੈ, ਰਾਤ ਨੂੰ ਸਰੀਰ ਨੂੰ ਪਸੀਨਾ ਜ਼ਿਆਦਾ ਆਉਣ ਲੱਗਦਾ ਹੈ, ਦਸਤ, ਖਾਂਸੀ, ਹਲਕਾ ਸਿਰ ਦਰਦ, ਚੱਕਰ ਆਦਿ ਦੇ ਨਾਲ-ਨਾਲ ਸਰੀਰ 'ਤੇ ਸਫ਼ੈਦ ਧੱਬੇ ਉਭਰ ਆਉਂਦੇ ਹਨ । ਸਰੀਰ ਦੀ ਲਸਿਕਾ ਗ੍ਰੰਥੀਆਂ ਵਿੱਚ ਸੂਜਨ ਆ ਜਾਂਦੀ ਹੈ । ਰੋਗ ਦੇ ਇਨ੍ਹਾਂ ਇਕੋ ਜਿਹੇ ਲੱਗਣ ਵਾਲੇ ਲੱਛਣਾਂ ਦੇ ਨਾਲ-ਨਾਲ ਜੇਕਰ ਰੋਗੀ ਨੂੰ ਟੀ.ਬੀ., ਨਮੂਨੀਆ, ਕੈਂਸਰ ਆਦਿ ਦੀ ਸ਼ਿਕਾਇਤ ਹੋ ਜਾਵੇ ਤਾਂ ਰੋਗੀ ਨੂੰ ਬਚਾਉਣਾ ਸੰਭਵ ਨਹੀਂ ਹੁੰਦਾ । ਰੋਗ ਮਨੋਭਰੰਸ (ਇਕ ਤਰ੍ਹਾਂ ਦਾ ਰੋਗ ਜਿਸ ਨਾਲ ਦਿਮਾਗ ਠੀਕ ਤਰ੍ਹਾਂ ਨਾਲ ਅਤੇ ਪੂਰਾ ਕੰਮ ਨਹੀਂ ਕਰਦਾ) ਦਾ ਸ਼ਿਕਾਰ ਹੋ ਸਕਦਾ ਹੈ । ਦਿਮਾਗ਼ੀ ਬੁਖ਼ਾਰ ਜਾਂ ਲਕਵਾ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ ।

ਕਿਸੇ ਵਿਅਕਤੀ ਦੇ ਸਰੀਰ ਵਿਚ ਏਡਸ ਵਾਇਰਸ ਦੇ ਪੁੱਜਣ ਨਾਲ ਪੰਦਰਵੇਂ ਦਿਨ ਬੁਖ਼ਾਰ ਆਉਂਦਾ ਹੈ ਅਤੇ ਗਰਦਨ ਦੀਆਂ ਗ੍ਰੰਥੀਆਂ ਸੁੱਜ ਜਾਂਦੀਆਂ ਹਨ । ਆਮ ਤੌਰ 'ਤੇ ਇਸ ਨੂੰ ਫਲੂ ਸਮਝ ਲਿਆ ਜਾਂਦਾ ਹੈ । ਭੁੱਖ ਘੱਟ ਲੱਗਦੀ ਹੈ, ਭਾਰ ਘਟਣ ਲੱਗਦਾ ਹੈ, ਦਸਤ ਅਤੇ ਪਸੀਨਾ ਆਉਣ ਲੱਗਦਾ ਹੈ । ਇਹ ਅਜਿਹੇ ਲੱਛਣ ਹਨ ਜਿਹੜੇ ਆਮ ਦੂਸਰੇ ਰੋਗਾਂ ਦੇ ਲੱਛਣਾਂ ਨਾਲ ਮਿਲਦੇ ਜੁਲਦੇ ਹਨ । ਇਸ ਹਾਲਤ ਵਿੱਚ

ਆਮ ਤੌਰ 'ਤੇ ਏਡਸ ਦੇ ਹਮਲੇ ਦਾ ਸਮੇਂ ਸਿਰ ਪਤਾ ਨਹੀਂ ਲੱਗਦਾ । ਆਮ ਹਮਲਾ ਕਰਨ ਤੋਂ ਬਾਅਦ ਇਹ ਵਾਇਰਸ ਸਰੀਰ ਵਿੱਚ ਸ਼ਾਂਤ ਬੈਠਾ ਰਹਿੰਦਾ ਹੈ । ਇਸ ਦਾ ਪਤਾ ਉਦੋਂ ਲੱਗਦਾ ਹੈ ਜਦੋਂ ਸਰੀਰ ਦੇ ਖ਼ੂਨ ਦੀ "ਏਲਾਇਜਾ" ਜਾਂਚ ਕੀਤੀ ਜਾਂਦੀ ਹੈ ।

ਖ਼ੂਨ ਦੀ ਜਾਂਚ ਵਿੱਚ "ਏਲਾਇਜਾ" (ਏਂਜਾਇਮ ਲਿਕਡ ਇਮਊਨੋਸੋਰਬੇਟ ਏਸੇ) ਤਕਨੀਕ ਨੂੰ ਹੀ, ਹਾਲੇ ਵੀ ਐਚ.ਆਈ.ਵੀ. ਦੀ ਮੁੱਢਲੀ ਜਾਂਚ ਦੇ ਤੌਰ 'ਤੇ ਇਸਤੇਮਾਲ ਕੀਤਾ ਜਾਂਦਾ ਹੈ ਅਤੇ "ਵੈਸਟਰਨ ਬਲਾਟ" ਨਾਂ ਦੀ ਤਕਨੀਕ ਨੂੰ ਅੰਤਮ ਇਸੇ ਤਰ੍ਹਾਂ ਹੀ ਪ੍ਰਮਾਣਿਕ ਜਾਂਚ ਦੇ ਰੂਪ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ । ਕਦੇ-ਕਦੇ ਏਲਾਇਜਾ ਜਾਂਚ ਦੇ ਨਤੀਜੇ ਪ੍ਰਮਾਣਿਕ ਨਹੀਂ ਹੁੰਦੇ, ਇਸ ਹਾਲਤ ਵਿੱਚ "ਵੈਸਟਰਨ ਬਲਾਟ" ਦੁਆਰਾ ਜਾਂਚ ਕੀਤੀ ਜਾਣੀ ਚਾਹੀਦੀ ਹੈ । ਏਡਸ ਵਾਇਰਸ ਦੀ ਜਾਂਚ ਦਾ ਕੰਮ ਵੀ ਘੱਟ ਗੁੰਝਲਦਾਰ ਨਹੀਂ ਹੈ । ਵਾਇਰਸ ਦੇ ਸਰੀਰ ਵਿੱਚ ਦਾਖ਼ਲ ਹੋਣ ਤੋਂ ਬਾਅਦ ਵਿਅਕਤੀ ਦੇ ਖ਼ੂਨ ਵਿੱਚ ਆਮ ਤੌਰ 'ਤੇ ਤਿੰਨਾਂ ਮਹੀਨਿਆਂ ਵਿਚ ਐਟੀਂਬਾਡੀ ਬਣਦਾ ਹੈ । ਕਦੇ-ਕਦੇ ਤਾਂ ਕੁਝ ਲੋਕਾਂ ਵਿੱਚ ਇਹ ਜ਼ਿਆਦਾ ਸਮਾਂ ਵੀ ਲੈ ਲੈਂਦਾ ਹੈ । ਇੰਦਾਂ ਕਿਉਂ ਹੁੰਦਾ ਹੈ ਇਹ ਹਾਲੇ ਜਾਣਨਾ ਬਾਕੀ ਹੈ ।

ਐਚ.ਆਈ.ਵੀ ਸੰਕ੍ਰਮਣ ਅਤੇ ਏਡਸ ਵਿੱਚ ਬੁਨਿਆਦੀ ਅੰਤਰ ਹੈ । ਜੇਕਰ ਸਰੀਰ ਵਿੱਚ ਐਚ.ਆਈ.ਵੀ. ਵਿਸ਼ਾਣੂ ਪ੍ਰਵੇਸ਼ ਕਰ ਚੁੱਕਿਆ ਹੈ ਅਤੇ ਸ਼ਾਂਤ ਹੈ ਤਾਂ ਇਸ ਨੂੰ ਐਚ. ਆਈ. ਵਿਸ਼ਾਣੂ ਮੰਨਿਆ ਜਾਂਦਾ ਹੈ ਲੇਕਿਨ ਜੇ ਸੰਕ੍ਰਮਣ ਦੇ ਅੰਤਮ ਦੌਰ ਵਿੱਚ ਜਦੋਂ ਰੋਗੀ ਦਾ ਸਰੀਰ ਪੂਰੀ ਤਰ੍ਹਾਂ ਨਾਲ ਅਸਮਰੱਥ ਹੋ ਜਾਂਦਾ ਹੈ ਤਾਂ ਇਸ ਹਾਲਤ ਨੂੰ ਏਡਸ ਕਿਹਾ ਜਾਂਦਾ ਹੈ ।

ਏਡਸ ਦੇ ਖ਼ਤਰੇ ਸਭ ਤੋਂ ਜ਼ਿਆਦਾ ੪੦ ਤੋਂ ੭੦ ਸਾਲ ਦੀ ਉਮਰ ਦੇ ਲੋਕਾਂ ਵਿੱਚ ਹੁੰਦੇ ਹਨ ਜੋ ਇਕ ਤੋਂ ਜ਼ਿਆਦਾ ਵਿਅਕਤੀਆਂ



ਨਾਲ ਸੰਬੰਧ ਰੱਖਦੇ ਹਨ । ਸੈਕਸ ਦਾ ਧੰਦਾ ਕਰਨ ਵਾਲੇ, ਸਮਲਿੰਗਕ ਔਰਤ-ਮਰਦ, ਯੋਨ ਰੋਗਾਂ ਨਾਲ ਗ੍ਰਸਤ ਵਿਅਕਤੀ, ਹੀਮੋਫ਼ੀਲੀਆ ਦਾ ਰੋਗੀ, ਥੈਲੇਸੀਮੀਆ ਵਾਲੇ ਬੱਚੇ ਅਤੇ ਡ੍ਰੱਗਜ਼ ਦੀਆਂ ਆਦਤਾਂ ਵਿੱਚ ਧੱਸੇ ਲੋਕ ਏਡਸ ਦੇ ਖ਼ਤਰੇ ਦੇ ਘੇਰੇ ਵਿੱਚ ਆਉਂਦੇ ਹਨ, ਇਸ ਲਈ ਸਾਵਧਾਨੀ ਵਰਤਣੀ ਜ਼ਰੂਰੀ ਹੈ ।

ਵੈਸੇ ਤਾਂ ਏਡਸ ਦੇ ਖ਼ਿਲਾਫ਼ ਦੁਨੀਆਂ ਭਰ ਵਿੱਚ ਖੋਜਾਂ ਚਲ ਰਹੀਆਂ ਹਨ ਪਰ ਵਿਸ਼ਵ ਸਿਹਤ ਸੰਗਠਨ ਦੇ ਲਈ ਅੱਜ ਵੀ ਏਡਸ ਇੱਕ ਬਹੁਤ ਵੱਡੀ ਚੁਨੌਤੀ ਹੈ । ਹੁਣ ਤਕ ਏਡਸ ਦੇ ਇਲਾਜ ਦਾ ਦਾਅਵਾ ਕਰਨ ਵਾਲੀਆਂ ਕੋਈ 150 ਤੋਂ ਵੀ ਜ਼ਿਆਦਾ ਦਵਾਈਆਂ ਬਜ਼ਾਰ ਵਿੱਚ ਉਪਲਬੱਧ ਹਨ ਲੇਕਿਨ ਇਹਨਾਂ ਦੀ ਪ੍ਰਮਾਣਿਕਤਾ ਹਾਲੇ ਵੀ ਸੰਦੇਹ ਦੇ ਘੇਰੇ ਵਿੱਚ ਹੈ । ਏਡਸ ਦੀਆਂ ਦਵਾਈਆਂ ਵਿੱਚ ਏ.ਜੈੱਡ. ਟੀ. (ਏਜਡੋਥਾਯਮਿਡੀਨ ਰੋਗ ਦੀ ਪੀੜਾ ਨੂੰ ਘੱਟ ਕਰਨ ਅਤੇ ਕਦੇ-ਕਦੇ ਰੋਗੀ ਦੀ ਉਮਰ ਵਧਾਉਣ ਵਿੱਚ ਉਪਯੋਗੀ ਸਿੱਧ ਹੋਈ ਹੈ । ਇਕ ਹੋਰ ਦਵਾਈ "ਡੀ.ਡੀ.ਆਈ. ਡਾਇਆਕਸੀ ਆਇਨੋਸੀਨ" ਵੀ ਬਜ਼ਾਰ ਵਿੱਚ ਆਈ ਲੇਕਿਨ ਇਹ ਬਹੁਤ ਹੀ ਜ਼ਿਆਦਾ ਮਹਿੰਗੀ ਹੈ ।

ਹਿੰਦੁਸਤਾਨ, 1 ਦਸੰਬਰ 1999

# ਭਾਰਤ ਵਿੱਚ ਏਡਸ ਪੀੜਿਤਾਂ ਦੀ ਸੰਖਿਆ 92 ਲੱਖ

ਵਿਸ਼ਵ ਭਰ ਵਿੱਚ ਅੱਜ ਐਚ.ਆਈ.ਵੀ. ਏਡਸ ਦੇ ਮਰੀਜ਼ਾਂ ਦੀ ਸੰਖਿਆ 5.2 ਮਿਲੀਅਨ ਹੋ ਗਈ ਹੈ । ਇਸ ਵਿੱਚ 92 ਲੱਖ ਲੋਕ ਇਕੱਲੇ ਭਾਰਤ ਵਿੱਚ ਹੀ ਹਨ । ਵਿਸ਼ਵ ਸਿਹਤ ਸੰਗਠਨ ਅਤੇ ਸੰਯੁਕਤ ਰਾਸ਼ਟਰ ਏਡਸ ਨਿਯੰਤਰਣ ਕਾਰਜਕ੍ਰਮ ਦੀ ਤਾਜ਼ਾ ਰਿਪੋਰਟ ਵਿੱਚ ਇਹ ਜਾਣਕਾਰੀ ਦਿੱਤੀ ਗਈ ਹੈ ।

ਸਾਰੇ ਵਿਸ਼ਵ ਵਿੱਚ ਕੱਲ੍ਹ ਏਡਸ ਦਿਹਾੜਾ ਮਨਾਇਆ ਜਾ ਰਿਹਾ ਹੈ, ਜਿਸ ਦਾ ਉਦੇਸ਼ ਏਡਸ ਦੇ ਗੰਭੀਰ ਨਤੀਜਿਆਂ ਦੀ ਤਰਫ਼ ਲੋਕਾਂ ਦਾ ਧਿਆਨ ਖਿੱਚਣਾ ਅਤੇ ਉਹਨਾਂ ਵਿੱਚ ਏਡਸ ਦੇ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਹੈ ।

ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ ਭਾਰਤ ਵਿੱਚ ਪਿਛਲੇ ਸਾਲ ਏਡਸ ਦੇ ਕਾਰਨ 1 ਲੱਖ 79 ਹਜ਼ਾਰ ਲੋਕਾਂ ਦੀਆਂ ਮੌਤਾਂ ਹੋਈਆਂ ਜਦ ਕਿ ਵਿਸ਼ਵ ਵਿੱਚ ਇੰਨੇ ਸਮੇਂ ਵਿੱਚ ਇਹ ਸੰਖਿਆ 22 ਲੱਖ 85 ਹਜ਼ਾਰ ਸੀ ।

ਇਸ ਰਿਪੋਰਟ ਦੇ ਅਨੁਸਾਰ ਏਸ਼ੀਆ ਵਿੱਚ 65 ਲੱਖ ਲੋਕ ਏਡਸ ਦੇ ਵਿਸ਼ਾਣੂਆਂ ਨਾਲ ਪੀੜਿਤ ਹਨ ਜਿਨ੍ਹਾਂ ਵਿੱਚੋਂ ਲੱਗਭੱਗ 60 ਪ੍ਰਤੀਸ਼ਤ ਕੇਵਲ ਭਾਰਤ ਵਿੱਚ ਹੀ ਹਨ ਅਤੇ ਹਰ ਸਾਲ ਇਹ ਸੰਖਿਆ ਵਧਦੀ ਜਾ ਰਹੀ ਹੈ । ਇਸ ਦਾ ਮੁੱਖ ਕਾਰਨ ਹੈ ਕਿ ਇੱਥੋਂ ਦੇ ਲੋਕ ਨਸ਼ਿਆਂ ਦਾ ਸੇਵਨ ਜ਼ਿਆਦਾ ਕਰਨ ਲੱਗੇ ਹਨ ਅਤੇ ਨਸ਼ੇ ਦੇ ਲਈ ਇੰਜੈਕਸ਼ਨ ਦੀ ਸੂਈ ਦਾ ਪ੍ਰਯੋਗ ਕਰਦੇ ਹਨ ਅਤੇ ਇਸ ਇਕੋ ਸੂਈ ਦਾ ਪ੍ਰਯੋਗ ਕਈ ਲੋਕ ਕਰਦੇ ਹਨ ਜਿਹੜਾ ਇਹਨਾਂ ਵਿੱਚ ਏਡਸ ਫੈਲਣ ਦਾ



ਮੁੱਖ ਕਾਰਨ ਹੈ । ਭਾਰਤ ਨੇ ਜੇਕਰ ਇਸ ਦਿਸ਼ਾ ਵੱਲ ਗੰਭੀਰਤਾ ਨਾਲ ਧਿਆਨ ਨਾ ਦਿੱਤਾ ਤਾਂ ਕਦੇ ਵੀ ਗੰਭੀਰ ਸਮੱਸਿਆ ਪੈਦਾ ਹੋ ਸਕਦੀ ਹੈ ।

ਸੰਯੁਕਤ ਰਾਸ਼ਟਰ ਦੇ ਮਹਾਸਚਿੱਵ ਕੋਫੀ ਅੰਨਾਨ ਨੇ ਇਸ ਮੌਕੇ 'ਤੇ ਭੇਜੇ ਆਪਣੇ ਇਸ ਸੰਦੇਸ਼ ਵਿੱਚ ਕਿਹਾ ਹੈ ਕਿ 25 ਸਾਲ ਤੋਂ ਘੱਟ ਉਮਰ ਦੇ ਲੋਕ ਏਡਸ ਦੇ ਖ਼ਿਲਾਫ਼ ਚਲ ਰਹੀ ਲੜਾਈ ਵਿੱਚ ਅੱਗੇ ਆਉਣ ਅਤੇ ਇਸ ਰੋਗ 'ਤੇ ਕਾਬੂ ਪਾਉਣ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਨ ।

# ਜਾਗ ਕੇ ਵੀ ਸੁੱਤੇ ਹੋਏ ਹਨ ਲੋਕ
# -ਕਹਿਰ ਏਡਸ ਦਾ

ਵਿਸ਼ਵ ਵਿੱਚ ਇਕ ਭਿਆਨਕ ਬਿਮਾਰੀ ਦੇ ਰੂਪ ਵਿੱਚ ਪੈਰ ਪਸਾਰ ਰਿਹਾ ਏਡਸ, ਚਿਕਿੱਤਸਕਾਂ ਅਤੇ ਖੋਜੀਆਂ ਦੇ ਸਾਹਮਣੇ ਸਭ ਤੋਂ ਵੱਡੀ ਚੁਨੌਤੀ ਹੈ । ਏਡਸ ਨੇ ਪਿਛਲੇ ਇਕ ਦਸ਼ਕ ਦੇ ਦੌਰਾਨ ਜਿੰਨੀ ਤੇਜ਼ੀ ਨਾਲ ਲੋਕਾਂ ਨੂੰ ਆਪਣੀ ਚਪੇਟ ਵਿੱਚ ਲਿਆ ਹੈ ਉਸ ਨੂੰ ਦੇਖ ਕੇ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਜੇਕਰ ਇਸ ਦੀ ਰੋਕਥਾਮ ਲਈ ਜਲਦੀ ਹੀ ਕੋਈ ਪ੍ਰਭਾਵੀ ਕਦਮ ਨਹੀਂ ਚੁੱਕੇ ਗਏ ਤਾਂ ਸਥਿੱਤੀ ਬਹੁਤ ਗੰਭੀਰ ਹੋ ਜਾਵੇਗੀ । ਬਿਮਾਰੀ ਦੇ ਲਾ-ਇਲਾਜ ਹੋਣ ਨਾਲ ਇਸ ਦਾ ਖ਼ਤਰਾ ਹੋਰ ਵੀ ਵਧ ਗਿਆ ਹੈ ।

ਹਾਲਤ ਇਹ ਹੈ ਕਿ ਦੇਸ਼ ਦੇ ਲੱਗਭੱਗ ਹਰ ਪ੍ਰਾਂਤ, ਹਰ ਜ਼ਿਲ੍ਹੇ ਅਤੇ ਹਰ ਕਸਬੇ ਵਿੱਚ ਏਡਸ ਆਪਣੀ ਪਹੁੰਚ ਬਣਾ ਚੁੱਕਿਆ ਹੈ । ਪੰਜਾਬ ਵਿੱਚ ਹੁਣ ਤਕ ਪੰਜ ਹਜ਼ਾਰ ਤੋਂ ਵੀ ਜ਼ਿਆਦਾ ਬੰਦੇ ਇਸ ਦੀ ਚਪੇਟ ਵਿੱਚ ਆ ਚੁੱਕੇ ਹਨ ਅਤੇ ਇਸ ਤੋਂ ਪਹਿਲਾਂ 90 ਬੰਦੇ ਅਕਾਲ ਮੌਤ ਦੀ ਬੁਰਕੀ ਬਣ ਚੁੱਕੇ ਹਨ । ਇਕ ਸਰਵੇਖਣ ਅਨੁਸਾਰ ਇਕ ਗੱਲ ਸਾਹਮਣੇ ਆਈ ਹੈ ਕਿ ਦੇਸ਼ ਵਿੱਚ ਸਭ ਤੋਂ ਜ਼ਿਆਦਾ ਜਾਗਰੂਕਤਾ (98 ਪ੍ਰਤੀਸ਼ਤ) ਤੋਂ ਬਾਅਦ ਜੇਕਰ ਕਿਤੇ ਹੋਰ ਹੈ ਤਾਂ ਉਹ ਹੈ ਪੰਜਾਬ ਵਿੱਚ (92 ਪ੍ਰਤੀਸ਼ਤ) । ਬਾਵਜੂਦ ਇਸ ਦੇ ਵੀ ਇੱਥੇ ਏਡਸ ਰੋਗ ਰੁੱਕਣ ਦਾ ਨਾਂ ਹੀ ਨਹੀਂ ਲੈ ਰਿਹਾ ਹੈ । ਲੜੀਵਾਰ ਜ਼ਿਲ੍ਹਿਆਂ ਦੇ ਅੰਕੜੇ ਦੇਖੀਏ ਤਾਂ ਰਾਜ ਵਿੱਚ ਸਥਿਤੀ ਬਹੁਤ ਡਰਾਉਣੀ ਨਜ਼ਰ ਆਉਂਦੀ ਹੈ । ਅੰਮ੍ਰਿਤਸਰ ਜ਼ਿਲ੍ਹੇ ਨੂੰ ਏਡਸ ਦੇ ਮਾਮਲੇ ਵਿੱਚ ਪਹਿਲੇ ਨੰਬਰ ਵਿਚ ਮੰਨਿਆਂ ਜਾ ਰਿਹਾ ਹੈ । ਸਰਕਾਰੀ ਅੰਕੜਿਆਂ ਦੇ ਅਨੁਸਾਰ ਇਸ ਸਮੇਂ ਜ਼ਿਲ੍ਹੇ ਵਿੱਚ 1355 ਏਡਸ ਦੇ ਰੋਗੀ (ਮਰਦ 945 ਅਤੇ ਔਰਤਾਂ 410) ਹਨ, ਜਿਨ੍ਹਾਂ ਵਿੱਚ ਪਿੰਡਾਂ ਵਿੱਚ ਰਹਿਣ ਵਾਲਿਆਂ ਦੀ ਗਿਣਤੀ ਜ਼ਿਆਦਾ ਹੈ ।



ਜਿੱਥੇ ਸੰਨ 1992 ਵਿੱਚ ਜ਼ਿਲ੍ਹੇ ਵਿੱਚ ਸੌ ਦੇ ਵਿਚਕਾਰ ਏਡਸ ਦੇ ਕੇਸ ਸਨ, ਉੱਥੇ ਸੰਨ 2004 ਆਉਂਦੇ-ਆਉਂਦੇ ਇਹ ਕੇਸ ਵਧ ਕੇ 1355 ਹੋ ਗਏ ਹਨ । ਸੰਨ 2003 ਵਿੱਚ ਅੰਮ੍ਰਿਤਸਰ ਵਿੱਚ ਏਡਸ ਦੇ 62 ਕੇਸ ਸਾਹਮਣੇ ਆਏ ਸਨ । ਇਹ ਸਰਕਾਰੀ ਅੰਕੜੇ ਹਨ । ਹਕੀਕਤ ਇਹ ਹੈ ਕਿ ਜ਼ਿਲ੍ਹੇ ਵਿੱਚ ਏਡਸ ਦੇ ਕੇਸ ਇਸ ਤੋਂ ਵੀ ਜ਼ਿਆਦਾ ਹੋ ਸਕਦੇ ਹਨ । ਜ਼ਿਲ੍ਹੇ ਵਿੱਚ ਅਜਿਹੀਆਂ ਕਈ ਪ੍ਰਾਈਵੇਟ ਲੈਬੋਰੇਟਰੀਆਂ ਹਨ, ਜਿੱਥੇ ਐਚ.ਆਈ.ਵੀ. ਦਾ ਟੈਸਟ ਕੀਤਾ ਜਾਂਦਾ ਹੈ । ਇਹਨਾਂ ਦਾ ਰਿਕਾਰਡ ਨਹੀਂ ਰੱਖਿਆ ਜਾਂਦਾ । ਹਾਲਾਂਕਿ ਸਿਵਲ ਸਰਜਨ ਡਾ. ਐਚ.ਐਸ.ਗਿੱਲ ਨੇ ਸਾਰੇ ਲੈਬੋਰੇਟਰੀ ਵਾਲਿਆਂ ਨੂੰ ਐਚ.ਆਈ.ਵੀ. ਪਾਜ਼ਿਟਿੱਵ ਕੇਸਾਂ ਦੀ ਤੁਰੰਤ ਜਾਣਕਾਰੀ ਦੇਣ ਦੇ ਲਈ ਕਿਹਾ ਤਾਂ ਹੈ, ਪਰੰਤੂ ਇਸ ਦਾ ਕੋਈ ਅਸਰ ਦਿਖਾਈ ਨਹੀਂ ਦੇ ਰਿਹਾ ਹੈ । ਇੱਥੇ ਦੋ ਦਰਜਨ ਤੋਂ ਜ਼ਿਆਦਾ ਬੱਚੇ ਹਨ ਜਿਹਨਾਂ ਨੂੰ ਇਹ ਨਾਮੁਰਾਦ ਬਿਮਾਰੀ ਆਪਣੇ ਮਾਤਾ ਪਿਤਾ ਤੋਂ ਮਿਲੀ ਹੈ । 20 ਤੋਂ 25 ਸਾਲ ਦੀ ਉਮਰ ਵਿਚਕਾਰ 455,25 ਤੋਂ 30 ਸਾਲ ਦੀ ਉਮਰ ਵਿਚਕਾਰ 483 ਅਤੇ 30 ਤੋਂ 35 ਸਾਲ ਦੀ ਉਮਰ ਵਿਚਕਾਰ 286 ਲੋਕ ਇਸ ਦੀ ਲਪੇਟ ਵਿੱਚ ਹਨ । ਉਧਰ ਹਰ ਸਾਲ ਪੰਜਾਬ ਸਟੇਟ ਏਡਸ ਕੰਟਰੋਲ ਸੁਸਾਇਟੀ ਦੀ ਤਰਫ਼ੋਂ ਏਡਸ ਦੀ ਰੋਕਥਾਮ ਲਈ ਚਾਰ ਪੰਜ ਲੱਖ ਰੁਪਏ ਮਿਲਦੇ ਹਨ । ਸਿਵਲ ਸਰਜਨ ਡਾ. ਗਿੱਲ ਨੇ ਦੱਸਿਆ ਕਿ ਉਹ ਏਡਸ ਦੇ ਰੋਗੀ ਲੋਕਾਂ ਲਈ ਫ੍ਰੀ ਚੈੱਕ-ਅੱਪ ਕੈਂਪ ਲਗਾ ਰਹੇ ਹਨ, ਜਦੋਂ ਕਿ 10 ਰੁਪਏ ਦੇ ਕੇ ਕੋਈ ਵੀ ਸਿਵਲ ਹਸਪਤਾਲ ਵਿੱਚ ਆਪਣਾ ਐਚ.ਆਈ.ਵੀ. ਟੈਸਟ ਕਰਵਾ ਸਕਦਾ ਹੈ ।

ਲੁਧਿਆਣੇ ਵਿੱਚ ਏਡਸ ਦੀ ਸਥਿਤੀ ਘੱਟ ਭਿਆਨਕ ਨਹੀਂ ਹੈ । ਜੇਕਰ ਸਿਹਤ ਵਿਭਾਗ ਦੇ ਅੰਕੜਿਆਂ ਉੱਤੇ ਹੀ ਵਿਸ਼ਵਾਸ ਕਰੀਏ ਤਾਂ ਵੀ ਜ਼ਿਲ੍ਹੇ ਵਿੱਚ ਹੁਣ ਏਡਸ ਦੇ 480 ਮਰੀਜ਼ ਸਾਹਮਣੇ ਆ ਚੁੱਕੇ ਹਨ । ਇਹਨਾਂ ਵਿੱਚੋਂ 42 ਕੇਸ ਪਿਛਲੇ ਸਾਲ ਦੌਰਾਨ ਸਾਹਮਣੇ ਆਏ ।

ਸਰਕਾਰੀ ਅੰਕੜਿਆਂ ਅਨੁਸਾਰ ਹੁਣ ਤਕ ਇੱਥੇ 15 ਵਿਅਕਤੀ ਇਸ ਦੇ ਕਾਰਨ ਆਪਣੀਆਂ ਜਾਨਾਂ ਗੁਆ ਚੁੱਕੇ ਹਨ ।

ਜਲੰਧਰ ਵਿੱਚ ਹਾਲੇ ਤਕ 51 ਮਾਮਲੇ ਸਾਹਮਣੇ ਆ ਚੁੱਕੇ ਹਨ । ਇਹਨਾਂ ਵਿੱਚੋਂ 16 ਕੇਸ ਦੂਸਰੇ ਜ਼ਿਲ੍ਹਿਆਂ ਤੋਂ ਆਏ ਹਨ । ਮਹਾਂਨਗਰ ਵਿੱਚ ਪਿਛਲੇ ਦਿਨਾਂ ਵਿੱਚ ਏਡਸ ਦੀ ਭਿਆਨਕਤਾ ਦਾ ਅਹਿਸਾਸ ਲੋਕਾਂ ਨੂੰ ਉਦੋਂ ਹੋਇਆ ਜਦੋਂ ਇਕ ਵਿਧਵਾ ਮਹਿਲਾ ਨੇ ਇਸ ਬਿਮਾਰੀ ਤੋਂ ਪ੍ਰੇਸ਼ਾਨ ਹੋ ਕੇ ਆਪਣੇ ਦੋ ਬੱਚਿਆਂ ਸਮੇਤ ਆਤਮ-ਹੱਤਿਆ ਕਰ ਲਈ । ਉਸ ਦਾ ਪਤੀ ਜਿਹੜਾ ਟਰੱਕ ਡਰਾਈਵਰ ਸੀ ਦੀ ਪਹਿਲਾਂ ਏਡਸ ਨਾਲ ਮੌਤ ਹੋ ਚੁੱਕੀ ਸੀ । ਕਿਸੇ ਏਡਸ ਰੋਗਣ ਨਾਲ ਸੰਬੰਧ ਬਣਾਉਣ ’ਤੇ ਹੀ ਉਸ ਨੂੰ ਏਡਸ ਹੋਈ ਸੀ ।

ਪਟਿਆਲਾ ਵਿੱਚ ਏਡਸ ਦੀ ਸ਼ੰਕਾ ਹੋਣ ਦੇ ਬਾਵਜੂਦ ਵੀ ਉੱਥੇ ਸਿਹਤ ਵਿਭਾਗ ਦੇ ਹੱਥਾਂ ਵਿੱਚ ਸਾਵਧਾਨੀ ਕੈਂਪ ਲਗਾਉਣ ਤੋਂ ਇਲਾਵਾ ਹੋਰ ਕੁਝ ਨਹੀਂ ਹੈ । ਗੱਲ ਵੱਖਰੀ ਹੈ ਕਿ ਜ਼ਿਲ੍ਹੇ ਦੇ ਸਿਵਲ ਸਰਜਨ ਡਾ. ਹਰਦੇਵ ਸਿੰਘ ਇਸ ਦੇ ਪ੍ਰਤੀ ਕਾਫ਼ੀ ਗੰਭੀਰ ਦਿਖਾਈ ਦਿੰਦੇ ਹਨ ।

ਬਠਿੰਡੇ ਵਿੱਚ ਪਿਛਲੇ ਇਕ ਦਸ਼ਕ ਵਿੱਚ ਐਚ.ਆਈ.ਵੀ. ਪਾਜੇਟਿੱਵ ਅਤੇ ਏਡਸ ਗ੍ਰਸਤ ਰੋਗੀਆਂ ਦੀ ਤਾਦਾਦ ਤੇਜ਼ੀ ਨਾਲ ਵਧੀ ਹੈ । ਹੁਣ ਇਸ ਜ਼ਿਲ੍ਹੇ ਵਿੱਚ ਐਚ.ਆਈ.ਵੀ. ਪਾਜੇਟਿਵ ਨਾਲ ਗ੍ਰਸਤ 60 ਵਿਅਕਤੀਆਂ ਦੀ ਪੁਸ਼ਟੀ ਹੋ ਚੁੱਕੀ ਹੈ ਜਦ ਕਿ ਏਡਸ ਨਾਲ ਮਰਨ ਵਾਲਿਆਂ ਦੀ ਗਿਣਤੀ ਦੋ ਦਰਜਨ ਤੋਂ ਅਧਿੱਕ ਹੈ । ਏਡਸ ਨਾਲ ਗ੍ਰਸਤ ਲੋਕਾਂ ਦੀ ਉਮਰ 30 ਤੋਂ 40 ਸਾਲ ਦੇ ਵਿਚਕਾਰ ਹੈ । ਇਹਨਾਂ ਵਿੱਚ 35 ਤੋਂ 40 ਸਾਲ ਦੇ ਵਿਅਕਤੀ ਇਸ ਨਾਮੁਰਾਦ ਬਿਮਾਰੀ ਨਾਲ ਸਭ ਤੋਂ ਜ਼ਿਆਦਾ ਗ੍ਰਸਤ ਹਨ । ਇਹਨਾਂ ਲੋਕਾਂ ਵਿੱਚ ਤਿੰਨ ਦਰਜਨ ਅਜਿਹੇ ਹਨ ਜਿਹੜੇ ਮੌਤ ਦੇ ਮੂੰਹ ਅੱਗੇ ਖੜ੍ਹੇ ਹਨ । ਬਠਿੰਡੇ ਵਿੱਚ ਮਿਲੇ ਐਚ. ਆਈ.ਵੀ. ਦੇ ਮਾਮਲਿਆਂ ਵਿੱਚ ਜ਼ਿਆਦਾਤਰ ਡਰਾਈਵਰਾਂ ਦੇ ਮਾਮਲੇ ਹਨ ਜਦੋਂ ਕਿ ਉਹਨਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੀਆਂ ਪਤਨੀਆਂ ਅਤੇ



ਉਹਨਾਂ ਦੇ ਬੱਚਿਆਂ ਨੂੰ ਵੀ ਇਸ ਰੋਗ ਨਾਲ ਗ੍ਰਸਤ ਪਾਇਆ ਗਿਆ । ਰਾਮਪੁਰਾ ਫੂਲ ਦੇ ਰਾਜ ਸਿੰਘ ਦਾ ਮਾਮਲਾ ਇਸ ਦਾ ਤਾਜ਼ਾ ਉਦਾਹਰਣ ਹੈ । ਉਸ ਦੀ ਮੌਤ ਤੋਂ ਬਾਅਦ ਉਸ ਦੀ ਪਤਨੀ ਕਰਮਜੀਤ ਅਤੇ ਉਸ ਦੇ ਤਿੰਨ ਬੱਚਿਆਂ ਵਿੱਚ ਏਡਸ ਦੀ ਪੁਸ਼ਟੀ ਹੋਈ ਹੈ । ਇਸੇ ਤਰ੍ਹਾਂ ਬਠਿੰਡੇ ਦੇ ਬਾਬਾ ਦੀਪ ਸਿੰਘ ਨਗਰ ਦੀ ਛਿੰਦਰ ਕੌਰ ਦਾ ਪਤੀ ਵੀ ਟਰੱਕ ਡਰਾਈਵਰ ਸੀ, ਉਸ ਦੀ ਮੌਤ ਤੋਂ ਬਾਅਦ ਉਸ ਦੀ ਦੋ ਸਾਲ ਦੀ ਬੱਚੀ ਨੂੰ ਵੀ ਇਹ ਨਾਮੁਰਾਦ ਬਿਮਾਰੀ ਨੇ ਜਕੜ ਲਿਆ । ਕਰਮਜੀਤ ਅਤੇ ਛਿੰਦਰ ਕੌਰ ਦੀ ਮੌਤ ਹਾਲ ਹੀ ਵਿੱਚ ਹੋਈ ਹੈ । ਸਰਕਾਰੀ ਸਤਰ ’ਤੇ ਏਡਸ ਗ੍ਰਸਤ ਰੋਗੀਆਂ ਦੇ ਇਲਾਜ ਲਈ ਵੱਖਰੇ-ਵੱਖਰੇ ਹਸਪਤਾਲਾਂ ਵਿੱਚ ਵਿਸ਼ੇਸ਼ ਪ੍ਰਬੰਧ ਦੇ ਕਈ ਅਜਿਹੇ ਮਾਮਲੇ ਵੀ ਆਏ ਹਨ ਜਿਹਨਾਂ ਵਿੱਚ ਡਾਕਟਰਾਂ ਵੱਲੋਂ ਮਰੀਜ਼ ਦਾ ਇਲਾਜ ਕਰਨ ਦੀ ਬਜਾਏ ਉਸਨੂੰ ਨਜ਼ਰ-ਅੰਦਾਜ਼ ਕੀਤਾ ਗਿਆ ਹੈ ।

ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਖੋਕਰ ਫ਼ੌਜੀ ਦੇ ਨਿਵਾਸੀ ਅਮਰੀਕ ਸਿੰਘ ਦਾ ਮਾਮਲਾ ਇਸ ਦਾ ਤਾਜ਼ਾ ਉਦਾਹਰਣ ਹੈ । ਅਮਰੀਕ ਸਿੰਘ ਰਾਜ ਦੇ ਇਕ ਦਰਜਨ ਭਰ ਦੇ ਹਸਪਤਾਲਾਂ ਵਿੱਚ ਆਪਣਾ ਇਲਾਜ ਕਰਵਾਉਣ ਲਈ ਭਟਕਦਾ ਰਿਹਾ ਪਰ ਕਿਸੇ ਵੀ ਡਾਕਟਰ ਅਤੇ ਹਸਪਤਾਲ ਨੇ ਉਸਦਾ ਇਲਾਜ ਕਰਨ ਵਿੱਚ ਕੋਈ ਦਿਲਚਸਪੀ ਨਾ ਲੈਂਦੇ ਹੋਏ ਉਸ ਨੂੰ ਬਚੀ ਹੋਈ ਜ਼ਿੰਦਗੀ ਜਿਊਣ ਲਈ ਸੜਕ ’ਤੇ ਛੱਡ ਦਿੱਤਾ ।

ਰਾਮਪੁਰਾ ਫੂਲ ਦੀ ਕਰਮਜੀਤ ਕੌਰ ਦੇ ਮਾਮਲੇ ਵਿੱਚ ਤਾਂ ਸਮਾਜਿਕ ਸੋਚ ਅਤੇ ਡਾਕਟਰਾਂ ਦੀ ਲਾਪਰਵਾਹੀ ਸਪੱਸ਼ਟ ਤੌਰ ’ਤੇ ਝਲਕਦੀ ਹੈ । ਕਰਮਜੀਤ ਕੌਰ ਦੇ ਪਤੀ ਰਾਜ ਸਿੰਘ ਦੀ ਮੌਤ ਤੋਂ ਬਾਅਦ ਕਰਮਜੀਤ ਕੌਰ ਨੂੰ ਉਸ ਦੇ ਪਰਿਵਾਰ ਵਾਲਿਆਂ ਨੇ ਇਸ ਲਈ ਘਰੋਂ ਕੱਢ ਦਿੱਤਾ ਸੀ ਕਿ ਉਸ ਦੇ ਸਹੁਰੇ ਰਾਜ ਸਿੰਘ ਦੀ ਮੌਤ ਦਾ ਜ਼ਿੰਮੇਵਾਰ ਉਸ ਨੂੰ ਮੰਨਦੇ ਸਨ । ਇੱਥੇ ਹੀ ਬੱਸ ਨਹੀਂ, ਕਰਮਜੀਤ ਕੌਰ ਨੂੰ ਉਚਿੱਤ ਇਲਾਜ ਕਰਾਉਣ ਦੇ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਅੱਗੇ ਧਰਨਾ ਦੇਣਾ ਪਿਆ ।

ਇਸ ਦੇ ਬਾਵਜੂਦ ਪ੍ਰਸ਼ਾਸਨ ਨੇ ਕੁਝ ਸਮੇਂ ਲਈ ਉਸ ਨੂੰ ਅਤੇ ਉਸ ਦੇ ਬੱਚਿਆਂ ਨੂੰ ਹਸਪਤਾਲ ਵਿੱਚ ਰੱਖ ਕੇ, ਫਿਰ ਤੋਂ ਦਰ-ਦਰ ਦੀ ਠੋਕਰ ਖਾਣ ਲਈ ਛੱਡ ਦਿੱਤਾ । ਇਸ ਤਰ੍ਹਾਂ ਛਿੰਦਰ ਕੌਰ ਦੇ ਸਹੁਰਿਆਂ ਨੇ ਉਸ ਨੂੰ ਘਰੋਂ ਕੱਢ ਦਿੱਤਾ ।

ਸਮਾਜ ਵੱਲੋਂ ਠੁਕਰਾਏ ਜਾਣ ਦੇ ਡਰ ਨਾਲ ਹੀ ਜ਼ਿਆਦਾਤਰ ਰੋਗੀ ਇਸ ਬਿਮਾਰੀ ਬਾਰੇ ਦੱਸਣ ਅਤੇ ਇਸਦਾ ਇਲਾਜ ਕਰਵਾਉਣ ਲਈ ਡਰਦੇ ਹਨ । ਹਸਪਤਾਲ ਵਿੱਚ ਦਾਖ਼ਲ ਹੋਣ ਵਾਲੇ ਜ਼ਿਆਦਾਤਰ ਰੋਗੀ ਪਰਿਵਾਰ ਵੱਲੋਂ ਨਜ਼ਰ-ਅੰਦਾਜ਼ ਕੀਤੇ ਜਾਣ ਕਰਕੇ ਖ਼ੁਦ ਨੂੰ ਨਿਆਸਰਾ ਮਹਿਸੂਸ ਕਰਦੇ ਹਨ । ਏਡਸ ਰੋਗੀ ਅਮਰੀਕ ਸਿੰਘ ਦਾ ਕਹਿਣਾ ਹੈ ਕਿ ਉਹ ਇਸ ਬਿਮਾਰੀ ਨੂੰ ਲੈ ਕੇ ਇੰਨਾ ਨਿਰਾਸ਼ ਅਤੇ ਦੁਖੀ ਨਹੀਂ ਹੈ, ਜਿੰਨਾ ਕਿ ਪਰਿਵਾਰ ਵੱਲੋਂ ਅੱਖਾਂ ਫੇਰਨ ਤੋਂ । ਉਸ ਦਾ ਕਹਿਣਾ ਹੈ ਕਿ ਜੇਕਰ ਉਸਦੇ ਸੰਬੰਧੀ ਉਸ ਦਾ ਸਾਥ ਦੇਣ ਤਾਂ ਉਹ ਇਸ ਨਾਮੁਰਾਦ ਬਿਮਾਰੀ ਨਾਲ ਇਕ ਲੰਬੀ ਲੜਾਈ ਲੜ ਸਕਦਾ ਹੈ । ਦੂਸਰੀ ਤਰਫ਼ ਸਿਵਲ ਸਰਜਨ ਡਾ. ਐਸ. ਕੇ. ਗੋਇਲ ਦਾ ਕਹਿਣਾ ਹੈ ਕਿ ਆਮ ਤੌਰ 'ਤੇ ਇਸ ਤਰ੍ਹਾਂ ਦੇ ਰੋਗੀ ਆਖਰੀ ਪੜਾਅ ਵਿੱਚ ਉਸ ਦੇ ਕੋਲ ਆਉਂਦੇ ਹਨ । ਇਸ ਨਾਲ ਉਹਨਾਂ ਦੇ ਠੀਕ ਹੋਣ ਦੀ ਕੋਈ ਖ਼ਾਸ ਗੁੰਜਾਇਸ਼ ਨਹੀਂ ਰਹਿ ਜਾਂਦੀ ।

ਏਡਸ ਜਾਗਰੂਕਤਾ ਦੇ ਪ੍ਰਤੀ ਸਰਕਾਰੀ ਧਨ ਦਾ ਇਸਤੇਮਾਲ ਇਹ ਹੈ ਕਿ ਜ਼ਿਲ੍ਹੇ ਵਿੱਚ ਇਸ ਬਾਰੇ ਆਮ ਜਗ੍ਹਾ ਉੱਤੇ ਲੱਖਾਂ ਰੁਪਏ ਖ਼ਰਚ ਕਰਕੇ ਕੰਡੋਮ ਵੰਡਣ ਵਾਲੀਆਂ ਮਸ਼ੀਨਾਂ ਕਬਾੜ-ਖ਼ਾਨਿਆਂ ਵਿੱਚ ਪਈਆਂ ਹੋਈਆਂ ਹਨ । ਜ਼ਿਲ੍ਹੇ ਭਰ ਵਿੱਚ ਅੱਧਾ ਦਰਜਨ ਸਮਾਜ ਸੇਵੀ ਸੰਸਥਾਵਾਂ ਵੱਲੋਂ ਵੱਖ-ਵੱਖ ਸਕੂਲਾਂ ਅਤੇ ਆਮ ਜਗ੍ਹਾ ਉੱਤੇ ਇਸ ਦੀ ਜਾਗਰੂਕਤਾ ਲਈ ਕਾਰਯਕਰਮ ਚਲਾਏ ਜਾ ਰਹੇ ਹਨ ।

ਗੁਰਦਾਸਪੁਰ ਜ਼ਿਲ੍ਹੇ ਵਿੱਚ ਪਿਛਲੇ 12 ਸਾਲਾਂ ਵਿੱਚ ਏਡਸ ਦੇ 99 ਕੇਸ ਸਾਹਮਣੇ ਆ ਚੁੱਕੇ ਹਨ । ਨਾਲ ਹੀ 42 ਵਿਅਕਤੀਆਂ ਦੀ



ਹੁਣ ਤਕ ਮੌਤ ਹੋ ਚੁੱਕੀ ਹੈ । ਛੇ ਰੋਗੀ ਕਿਸੇ ਹੋਰ ਜਗ੍ਹਾ ਬਦਲੇ ਜਾ ਚੁੱਕੇ ਹਨ, ਜਿਹਨਾਂ ਬਾਰੇ ਸਿਹਤ ਵਿਭਾਗ ਕੋਲ ਕੋਈ ਸੂਚਨਾ ਨਹੀਂ ਹੈ । ਸੱਤ ਰੋਗੀਆਂ ਦੇ ਬਾਰੇ ਵਿੱਚ ਪਤਾ ਹੋਣ ਦੇ ਬਾਵਜੂਦ ਸਿਹਤ ਵਿਭਾਗ ਦੀ ਟੀਮ ਉਹਨਾਂ ਨੂੰ ਲੱਭ ਨਹੀਂ ਪਾਈ ਹੈ । ਇਹਨਾਂ ਰੋਗੀਆਂ ਦੀ ਉਮਰ 20 ਤੋਂ ਲੈ ਕੇ 40 ਸਾਲ ਦੇ ਵਿਚਕਾਰ ਹੈ । ਜ਼ਿਲ੍ਹੇ ਵਿੱਚ ਏਡਸ ਦੇ ਜ਼ਿਆਦਾਤਰ ਰੋਗੀ ਸ੍ਰੀ ਹਰਗੋਬਿੰਦਪੁਰ ਖੇਤਰ ਨਾਲ ਸੰਬੰਧਿਤ ਦੱਸੇ ਗਏ ਹਨ । ਹਾਲਾਂਕਿ ਅਸਲੀਅਤ ਦਿੱਤੇ ਗਏ ਸਰਕਾਰੀ ਅੰਕੜਿਆਂ ਤੋਂ ਕਿਤੇ ਜ਼ਿਆਦਾ ਪੀੜਾਦਾਇਕ ਹੈ । ਇਸ ਤਰ੍ਹਾਂ ਏਡਸ ਰੋਗੀਆਂ ਦੀ ਗਿਣਤੀ ਤਿੰਨ ਸੌ ਦੇ ਕਰੀਬ ਦੱਸੀ ਜਾਂਦੀ ਹੈ । ਇਹਨਾਂ ਵਿੱਚੋਂ ਸੌ ਦੇ ਕਰੀਬ ਰੋਗੀਆਂ ਦੀ ਮੌਤ ਹੋ ਚੁੱਕੀ ਹੈ । ਇਹਨਾਂ ਮੌਤਾਂ ਵਿੱਚ ਉਹਨਾਂ ਟਰੱਕ ਡਰਾਈਵਰਾਂ ਅਤੇ ਕੰਡਕਟਰਾਂ ਦਾ ਪ੍ਰਤੀਸ਼ਤ ਜ਼ਿਆਦਾ ਹੈ, ਜਿਹੜੇ ਬਾਹਰੀ ਰਾਜਾਂ ਵਿੱਚ ਕਈ ਕਈ ਮਹੀਨੇ ਗੁਜ਼ਾਰ ਕੇ ਵਾਪਸ ਆਉਂਦੇ ਹਨ । ਇਕ ਚੌਂਕਾਉਂਣ ਵਾਲਾ ਸੱਚ ਇਹ ਵੀ ਸਾਹਮਣੇ ਆਇਆ ਹੈ ਕਿ ਸਿਵਲ ਹਸਪਤਾਲ ਗੁਰਦਾਸਪੁਰ ਵਿੱਚ ਐਚ.ਆਈ.ਵੀ. ਟੈਸਟ ਦੀ ਸੁਵਿਧਾ ਹੀ ਨਹੀਂ ਦਿੱਤੀ ਜਾਂਦੀ । ਇੱਥੇ ਐਚ.ਆਈ.ਵੀ. ਪਰੀਖਣ ਆਪਾਤ ਸਥਿਤੀ ਵਿੱਚ ਸਿਰਫ਼ ਉਹਨਾਂ ਲੋਕਾਂ ਦਾ ਉਦੋਂ ਹੀ ਕੀਤਾ ਜਾਂਦਾ ਹੈ ਜਦੋਂ ਉਹਨਾਂ ਦਾ ਖ਼ੂਨ ਕਿਸੇ ਨੂੰ ਚੜ੍ਹਾਉਣਾ ਹੁੰਦਾ ਹੈ । ਹਸਪਤਾਲ ਵਿੱਚ ਟੈਸਟ ਕਰਨ ਵਾਲੀਆਂ ਕਿੱਟਾਂ ਦੀ ਹਮੇਸ਼ਾਂ ਹੀ ਘਾਟ ਰਹਿੰਦੀ ਹੈ, ਜਿਸ ਕਰਕੇ ਪ੍ਰਬੰਧਕ ਇਹਨਾਂ ਕਿੱਟਾਂ ਨੂੰ ਆਪਾਤ ਸਥਿਤੀ ਲਈ ਸੰਭਾਲ ਕੇ ਰੱਖਦੇ ਹਨ । ਇਸ ਤੋਂ ਇਲਾਵਾ ਏਡਸ ਜਾਗਰੂਕਤਾ ਅਭਿਆਨ ਦੇ ਲਈ ਮਿਲ ਰਿਹਾ ਫੰਡ ਵੀ ਕਾਫ਼ੀ ਨਹੀਂ ਹੈ ।

ਪਠਾਨਕੋਟ ਵਿੱਚ ਵੀ ਇਸ ਰੋਗ ਨਾਲ ਪੀੜਿਤ ਵਿਅਕਤੀ ਪਾਏ ਗਏ ਹਨ । ਐਸ.ਐਮ.ਓ ਪਠਾਨਕੋਟ ਡਾ. ਰਵੀ ਡੋਗਰਾ ਦਾ ਕਹਿਣਾ ਹੈ ਕਿ ਸਮਾਜਿਕ ਵਾਤਾਵਰਣ ਪ੍ਰਗਤੀਸ਼ੀਲ ਨਾ ਹੋਣ ਦੇ ਕਾਰਨ ਐਚ.ਆਈ.ਵੀ. ਰੋਗੀ ਦੀ ਗੋਪਨੀਅਤਾ ਬਣਾਈ ਰੱਖਣਾ ਬੇਹੱਦ ਜ਼ਰੂਰੀ

ਹੈ । ਉਹਨਾਂ ਦੱਸਿਆ ਕਿ ਸਿਹਤ ਵਿਭਾਗ ਦੀ ਤਰਫ਼ੋਂ ਪਠਾਨਕੋਟ ਖੇਤਰ ਨੂੰ ਹਰ ਸਾਲ ਪਰਿਵਾਰ ਸਿਹਤ ਜਾਗਰੂਕਤਾ ਅਭਿਆਨ, ਜਿਸ ਵਿੱਚ ਏਡਸ ਨੂੰ ਵੀ ਸ਼ਾਮਲ ਕੀਤਾ ਗਿਆ ਹੈ, ਦੇ ਤਹਿਤ ਪੰਜ ਹਜ਼ਾਰ ਰੁਪਏ ਜਾਰੀ ਹੁੰਦੇ ਹਨ । ਇਸ ਨਾਲ ਸਕੂਲਾਂ ਅਤੇ ਕਾਲਜਾਂ ਵਿੱਚ ਏਡਸ ਦੇ ਵਿਸ਼ੇ 'ਤੇ ਪ੍ਰਤੀਯੋਗਤਾਵਾਂ ਅਤੇ ਸੈਮੀਨਾਰ ਕਰਵਾਏ ਜਾਂਦੇ ਹਨ । ਉਹਨਾਂ ਕਿਹਾ ਕਿ ਅੰਧ-ਵਿਸ਼ਵਾਸ ਅਤੇ ਭ੍ਰਾਂਤੀਆਂ ਛੱਡ ਕੇ ਏਡਸ ਰੋਗੀ ਦੇ ਪਰਿਵਾਰਕ ਲੋਕਾਂ ਨੂੰ ਉਸਦੀ ਚੰਗੀ ਤਰ੍ਹਾਂ ਨਾਲ ਦੇਖਭਾਲ ਕਰਨੀ ਚਾਹੀਦੀ ਹੈ । ਉਹਨਾਂ ਨੇ ਐਚ.ਆਈ.ਵੀ ਨਾਲ ਪੀੜਿਤ ਮਹਿਲਾਵਾਂ ਨੂੰ ਗਰਭਧਾਰਨ ਕਰਨ ਤੋਂ ਵੀ ਗੁਰੇਜ ਕਰਨ ਦੀ ਸਲਾਹ ਦਿੱਤੀ ।

ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਵਰਤਮਾਨ ਵਿੱਚ ਏਡਸ ਰੋਗੀਆਂ ਦੀ ਗਿਣਤੀ ਸੰਬੰਧੀ ਅੰਕੜੇ ਸਿਹਤ ਵਿਭਾਗ ਦੇ ਕੋਲ ਉਪਲੱਬਧ ਨਹੀਂ ਹਨ । ਇਕ ਅਨੁਮਾਨ ਅਨੁਸਾਰ ਦੱਸਿਆ ਜਾਂਦਾ ਹੈ ਕਿ ਐਚ.ਆਈ. ਵੀ. ਨਾਲ ਪੀੜਿਤ ਲੋਕਾਂ ਦੀ ਗਿਣਤੀ ਪੰਜਾਹ ਦੇ ਨੇੜੇ-ਤੇੜੇ ਹੈ । ਇਹਨਾਂ ਵਿੱਚੋਂ ਜ਼ਿਆਦਾ ਦੀ ਉਮਰ 20 ਤੋਂ 30 ਸਾਲ ਦੇ ਵਿਚਕਾਰ ਹੈ । ਸਿਵਲ ਸਰਜਨ ਡਾ. ਯੋਗੇਸ਼ ਚੰਦਰ ਮਾਰਕਨ ਨੇ ਦੱਸਿਆ ਕਿ ਬਾਜ਼ਾਰ ਦੀ ਵਜਾਏ ਕਿਤੇ ਜ਼ਿਆਦਾ ਸਸਤੀ ਦਰ 'ਤੇ ਮਾਤਰ ਦਸ ਰੁਪਏ ਵਿੱਚ ਸਿਵਲ ਹਸਪਤਾਲ ਵਿੱਚ ਐਚ.ਆਈ.ਵੀ. ਸੰਬੰਧੀ ਟੈਸਟ ਉਪਲੱਬਧ ਹਨ । ਉਹਨਾਂ ਕਿਹਾ ਕਿ ਏਡਸ-ਰੋਕੋ ਅਭਿਆਨ ਲਈ ਸਰਕਾਰ ਪ੍ਰਚਾਰ ਸਮੱਗਰੀ ਤਾਂ ਭੇਜਦੀ ਹੈ, ਲੇਕਿਨ ਕੋਈ ਗ੍ਰਾਂਟ ਨਹੀਂ ਦਿੱਤੀ ਜਾਂਦੀ । ਇੱਥੇ ਇਹ ਦੱਸਣ ਯੋਗ ਹੈ ਕਿ ਏਡਸ ਕੌਂਸਲਿੰਗ ਸੈਂਟਰ ਵਿੱਚ ਹੁਣ ਤਕ ਅਜਿਹੇ ਰੋਗੀਆਂ ਦੇ ਲਈ ਏਡਸ ਕੌਂਸਲਰ ਉੱਪਲਬਧ ਨਹੀਂ ਹੈ । ਰੋਪੜ ਵਿੱਚ ਏਡਸ ਦੇ ਰੋਗੀਆਂ ਦੀ ਸੰਖਿਆ 28 ਤਕ ਪੁੱਜ ਗਈ ਹੈ । ਇਹਨਾਂ ਵਿੱਚੋਂ 17 ਮਰਦ ਅਤੇ 11 ਔਰਤਾਂ ਹਨ । ਇੱਥੇ ਸਿਵਲ ਹਸਪਤਾਲ ਵਿੱਚ ਚੱਲ ਰਹੇ ਵਾਲੰਟਰੀ ਕਾਉਂਸਲਿੰਗ ਅਤੇ ਟੈਸਟਿੰਗ ਸੈਂਟਰ (ਏਡਸ ਸਲਾਹ ਮਸ਼ਵਰਾ ਅਤੇ ਜਾਂਚ ਕੇਂਦਰ) ਵਿੱਚ ਹੁਣ ਤਕ 137 ਸ਼ੱਕੀ ਲੋਕਾਂ



ਦੀ ਏਡਸ ਦੀ ਜਾਂਚ ਕੀਤੀ ਗਈ ਹੈ । ਇਹਨਾਂ ਵਿੱਚੋਂ 28 ਵਿਅਕਤੀਆਂ ਵਿੱਚ ਇਹ ਬਿਮਾਰੀ ਪਾਈ ਗਈ ਹੈ । ਖ਼ਾਸ ਗੱਲ ਇਹ ਹੈ ਕਿ ਇਹਨਾਂ ਰੋਗੀਆਂ ਵਿੱਚ ਇਕ ਡੇਢ ਸਾਲ ਦਾ ਬੱਚਾ ਵੀ ਹੈ । ਲੱਗਭੱਗ ਸਾਰੇ ਹੀ ਇਸ ਬਿਮਾਰੀ ਦੇ ਮੁੱਢਲੇ ਦੌਰ ਵਿੱਚ ਹਨ । ਜ਼ਿਆਦਾਤਰ ਅਜਿਹੇ ਲੋਕ ਹਨ ਜਿਹੜੇ ਇਸ ਬਿਮਾਰੀ ਤੋਂ ਪੀੜਿਤ ਹੋਇਆਂ ਨੂੰ ਇਕ ਜਾਂ ਡੇਢ ਸਾਲ ਹੀ ਹੋਇਆ ਹੈ । ਦੇਸ਼ ਦੇ ਹੋਰ ਜਾਂਚ ਕੇਂਦਰਾਂ ਦੀ ਤਰ੍ਹਾਂ ਹੀ ਜਦੋਂ ਇੱਥੋਂ ਦੇ ਇਸ ਜਾਂਚ ਕੇਂਦਰ ਵਿੱਚ ਕੋਈ ਸ਼ੱਕੀ ਰੋਗੀ ਜਾਂਚ ਲਈ ਪੁੱਜਦਾ ਹੈ ਤਾਂ ਪਹਿਲਾਂ ਉਸ ਦੀ ਕਾਉਂਸਲਿੰਗ ਕੀਤੀ ਜਾਂਦੀ ਹੈ, ਫਿਰ ਉਸ ਦੀ ਸਲਾਹ ਲਈ ਜਾਂਦੀ ਹੈ । ਜੇਕਰ ਉਹ ਏਡਸ ਨਾਲ ਪੀੜਿਤ ਪਾਇਆ ਗਿਆ ਤਾਂ ਉਸ ਦਾ ਨਾਂ ਅਤੇ ਪਤਾ ਪੂਰੀ ਤਰ੍ਹਾਂ ਨਾਲ ਗੁਪਤ ਰੱਖਿਆ ਜਾਂਦਾ ਹੈ । ਟੈਸਟ ਵਿੱਚ ਜੇਕਰ ਰਿਪੋਰਟ ਪਾਜੇਟਿਵ ਪਾਈ ਜਾਂਦੀ ਹੈ ਤਾਂ ਉਸ ਦਾ ਇਲਾਜ ਸ਼ੁਰੂ ਕਰ ਦਿੱਤਾ ਜਾਂਦਾ ਹੈ । ਇਲਾਜ ਨਾਲ ਰੋਗੀ ਦੀ ਉਮਰ 5 ਤੋਂ 7 ਸਾਲ ਤਕ ਵਧ ਜਾਂਦੀ ਹੈ । ਜੇਕਰ ਰੋਗੀ ਦੀ ਰਿਪੋਰਟ ਨੇਗੇਟਿਵ ਆਉਂਦੀ ਹੈ ਤਾਂ ਉਸ ਨੂੰ ਦੁਬਾਰਾ ਤਿੰਨ ਮਹੀਨੇ ਬਾਅਦ ਫਿਰ ਤੋਂ ਜਾਂਚ ਕਰਵਾਉਣ ਲਈ ਆਖਿਆ ਜਾਂਦਾ ਹੈ । ਇਸ ਸੈਂਟਰ ਵਿੱਚ ਮਰਦਾਂ ਅਤੇ ਔਰਤਾਂ ਦੀ ਕਾਉਂਸਲਿੰਗ ਅਲੱਗ-ਅਲੱਗ ਤੌਰ 'ਤੇ ਕੀਤੀ ਜਾਂਦੀ ਹੈ ।

(ਰਮੇਸ਼ ਸ਼ੁਕਲਾ 'ਸਫ਼ਰ' ਵਿਪਨ ਜੰਡ, ਨਿਖਿਤ ਸ਼ਰਮਾ,
ਹਰਿਦੱਤ ਜੋਸ਼ੀ, ਕੇ.ਪੀ. ਸਿੰਘ, ਰਾਜ ਚੋਧਰ,
ਰਾਜੇਸ਼ ਜੈਨ ਅਤੇ ਰਣਦੀਪ ਵਸ਼ਿਸ਼ਟ
ਦੀ ਰਿਪੋਰਟ 'ਤੇ ਆਧਾਰਿਤ ।)

## ਇੱਕ ਨਜ਼ਰ ਵਿੱਚ ਵਿਸ਼ਵ

* 1982 ਵਿੱਚ ਕੈਨੇਡਾ ਵਿੱਚ ਆਇਆ ਏਡਸ ਦਾ ਪਹਿਲਾ ਮਾਮਲਾ।
* ਏਡਸ ਗ੍ਰਸਤ ਹੋਣ ਦੇ ਮਾਮਲੇ ਵਿੱਚ ਦੱਖਣੀ ਅਫਰੀਕਾ (ਦੋ ਤਿਹਾਈ ਆਬਾਦੀ ਐਚ.ਆਈ.ਵੀ. ਪੀੜਿਤ ਤੋਂ ਬਾਅਦ ਭਾਰਤ ਦੂਜੇ ਨੰਬਰ 'ਤੇ ਹੈ।
* ਨਿਊਜੀਲੈਂਡ ਏਡਸ ਤੋਂ ਸਭ ਨਾਲੋਂ ਘੱਟ ਪ੍ਰਭਾਵਿਤ।
* ਵਿਸ਼ਵ ਵਿੱਚ ਪ੍ਰਤੀਦਿਨ 14 ਹਜ਼ਾਰ ਅਤੇ ਹਰ ਘੰਟੇ ਬਾਅਦ 600 ਵਿਅਕਤੀ ਆਉਂਦੇ ਹਨ, ਇਸ ਬਿਮਾਰੀ ਦੀ ਲਪੇਟ ਵਿੱਚ।
* ਪਿਛਲੇ ਸਾਲ ਹੋਈ 30 ਲੱਖ ਲੋਕਾਂ ਦੀ ਮੌਤ।
* ਪਿਛਲੇ ਸਾਲ ਸੱਤ ਲੱਖ ਬੱਚੇ (ਵਿਕਾਸ਼ਸੀਲ ਦੇਸ਼ਾਂ ਤੋਂ 95 ਫੀਸਦੀ) ਬਣੇ ਐਚ. ਆਈ. ਵੀ ਦਾ ਸ਼ਿਕਾਰ।
* ਦੁਨੀਆਂ ਵਿੱਚ ਹੁਣ ਤਕ 400 ਲੱਖ ਵਿਅਕਤੀ (20 ਲੱਖ ਦੀ ਉਮਰ 15 ਸਾਲ ਤੋਂ ਘੱਟ) ਆ ਚੁੱਕੇ ਹਨ ਏਡਸ ਦੀ ਲਪੇਟ ਵਿੱਚ।
* ਪਹਿਲਾਂ ਦੇ 24 ਫੀਸਦੀ ਦੇ ਮੁਤਾਬਕ 2002 ਵਿੱਚ 33 ਫੀਸਦੀ ਮਹਿਲਾਵਾਂ ਆਈਆਂ ਏਡਸ ਦੀ ਲਪੇਟ ਵਿੱਚ।
* 2004 ਦੇ ਅੰਤ ਤਕ ਚਾਰ ਕਰੋੜ ਬੱਚੇ ਅਤੇ 1 ਕਰੋੜ 76 ਲੱਖ ਮਹਿਲਾਵਾਂ ਹੋਣਗੀਆਂ ਏਡਸ ਗ੍ਰਸਤ।

## ਦਰਪਣ ਵਿੱਚ ਭਾਰਤ

* ਦੇਸ਼ ਵਿੱਚ ਏਡਸ ਦਾ ਪਹਿਲਾ ਮਾਮਲਾ 1986 ਵਿੱਚ ਆਇਆ।
* ਮੁਲਕ ਵਿੱਚ ਏਡਸ ਦੇ 40 ਹਜ਼ਾਰ ਮਾਮਲੇ ਸਾਹਮਣੇ ਆ ਚੁੱਕੇ ਹਨ । 40 ਲੱਖ ਲੋਕਾਂ ਦੇ ਐਚ.ਆਈ.ਵੀ. ਨਾਲ ਗ੍ਰਸਤ ਹੋਣ ਦੀ ਸ਼ੰਕਾ।
* ਦੁਨੀਆਂ ਵਿੱਚ ਏਡਸ ਦਾ ਹਰ ਛੇਵਾਂ ਮਰੀਜ਼ ਭਾਰਤ ਦਾ।



* ਐਚ.ਆਈ.ਵੀ. ਨਾਲ ਗ੍ਰਸਤ ਲੋਕਾਂ ਦੀ ਸੰਖਿਆ ਮਹਾਰਾਸ਼ਟਰ ਵਿੱਚ ਜ਼ਿਆਦਾ।

## ਕਾਲਾ ਪ੍ਰਛਾਵਾਂ ਪੰਜਾਬ 'ਤੇ

* ਹੁਣ ਤਕ ਰਾਜ ਵਿੱਚ ਪੰਜ ਹਜ਼ਾਰ ਤੋਂ ਵੀ ਵਧੀਕ ਲੋਕ ਆ ਚੁੱਕੇ ਹਨ ਇਸ ਦੀ ਚਪੇਟ ਵਿੱਚ।
* ਏਡਸ ਦੇ ਮਾਮਲੇ ਵਿੱਚ ਪ੍ਰਦੇਸ਼ ਵਿੱਚ ਅੰਮ੍ਰਿਤਸਰ ਪਹਿਲੇ ਸਥਾਨ 'ਤੇ। ਇਸ ਜ਼ਿਲ੍ਹੇ ਵਿੱਚ 1355 ਰੋਗੀ ਹਨ।
* ਜਲੰਧਰ ਵਿੱਚ 51 ਮਾਮਲੇ (16 ਕੇਸ ਦੂਸਰੇ ਜ਼ਿਲ੍ਹਿਆਂ ਦੇ) ਸਾਹਮਣੇ ਆ ਚੁੱਕੇ ਹਨ।
* ਲੁਧਿਆਣੇ ਵਿੱਚ 480 ਮਰੀਜ਼ ਆ ਚੁੱਕੇ ਹਨ ਸਾਹਮਣੇ। ਪਿਛਲੇ ਸਾਲ ਆਏ 42 ਕੇਸ।
* ਬਠਿੰਡਾ ਵਿੱਚ ਹਾਲੇ ਤਕ ਏਡਸ ਗ੍ਰਸਤ 60 ਲੋਕਾਂ ਦੀ ਪੁਸ਼ਟੀ। ਮਰਨ ਵਾਲਿਆਂ ਦੀ ਗਿਣਤੀ 24 ਤੋਂ ਜ਼ਿਆਦਾ।
* ਗੁਰਦਾਸਪੁਰ ਜ਼ਿਲ੍ਹੇ ਵਿੱਚ ਪਿਛਲੇ 12 ਸਾਲਾਂ ਵਿੱਚ 99 ਕੇਸ ਸਾਹਮਣੇ ਆਏ। 42 ਲੋਕਾਂ ਦੀ ਮੌਤ।
* ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਐਚ.ਆਈ.ਵੀ. ਨਾਲ ਗ੍ਰਸਤ ਲੋਕਾਂ ਦੀ ਗਿਣਤੀ 45।
* ਰੋਪੜ ਜ਼ਿਲ੍ਹੇ ਵਿੱਚ ਏਡਸ ਰੋਗੀਆਂ ਦੀ ਸੰਖਿਆ 28 (17 ਮਰਦ, 11 ਔਰਤਾਂ।)

# ਆਖਰ ਕੀ ਬਲਾ ਹੈ ਏਡਸ ?

ਜਦ ਵਿਅਕਤੀ ਦੇ ਸਰੀਰ ਵਿੱਚ ਪ੍ਰਤੀਰੋਧਕ ਸਮਰੱਥਾ ਕਮਜ਼ੋਰ ਹੋਵੇ ਅਤੇ ਇਸ ਹਾਲਤ ਵਿੱਚ ਸਰੀਰ ਵਿੱਚ ਵਾਇਰਸ ਵੜ ਜਾਣ ਤਾਂ ਵਿਅਕਤੀ ਦੀ ਸਿਹਤ ਵਿਗੜਨੀ ਸ਼ੁਰੂ ਹੋ ਜਾਂਦੀ ਹੈ । ਏਡਸ (ਹਿਊਮਨ ਇਮਊਨ ਡੈਫਿਸਿਅੰਸੀ ਸਿੰਡਰੋਮ) ਦਾ ਅਰਥ ਹੈ ਕਿ ਸਰੀਰ ਵਿੱਚ ਪ੍ਰਤੀਰੋਧਕ ਸਮਰੱਥਾ ਦਾ ਘੱਟ ਹੋਣਾ । ਇਸ ਤਰ੍ਹਾਂ ਏਡਸ ਆਪਣੇ ਆਪ ਵਿੱਚ ਕੋਈ ਰੋਗ ਨਹੀਂ ਹੈ । ਇਹ ਇਕ ਅਜਿਹੀ ਪ੍ਰੀਕ੍ਰਿਆ ਹੈ, ਜਿਸ ਨਾਲ ਸਰੀਰ ਵਿੱਚ ਬਿਮਾਰੀਆਂ ਨਾਲ ਲੜਣ ਦੀ ਤਾਕਤ ਖ਼ਤਮ ਹੋ ਜਾਂਦੀ ਹੈ । ਏਡਸ ਦੇ ਵਾਇਰਸ ਨੂੰ ਐਚ.ਆਈ.ਵੀ. ਦੇ ਨਾਂ ਨਾਲ ਜਾਣਿਆ ਜਾਂਦਾ ਹੈ । ਇਹ ਵਾਇਰਸ ਸੀ.ਡੀ.-4 ਕੋਸ਼ਕਾਵਾਂ ਉੱਤੇ ਹਮਲਾ ਕਰਕੇ ਉਹਨਾਂ ਵਿੱਚ ਜ਼ਿਆਦਾ ਮਾਤਰਾ ਵਿੱਚ ਹੋ ਕੇ ਉਹਨਾਂ ਨੂੰ ਖ਼ਤਮ ਕਰ ਦਿੰਦੇ ਹਨ । ਇਸ ਨਾਲ ਸੁਰੱਖਿਆ ਦਾ ਘੇਰਾ ਕਮਜ਼ੋਰ ਹੋ ਜਾਂਦਾ ਹੈ । ਇਹ ਸਰੀਰ ਬਿਮਾਰੀਆਂ ਅਤੇ ਸੰਕ੍ਰਾਮਕ ਰੋਗਾਂ ਨਾਲ ਲੜਨ ਲਈ ਅਸਮਰੱਥ ਹੋ ਜਾਂਦਾ ਹੈ । ਐਚ.ਆਈ.ਵੀ. ਨਾਲ ਗ੍ਰਸਤ ਹੋਣ ਤੋਂ ਬਾਅਦ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਆਪਣੀ ਲਪੇਟ ਵਿੱਚ ਲੈ ਲੈਂਦੀਆਂ ਹਨ । ਨੈਸ਼ਨਲ ਏਡਸ ਕੰਟਰੋਲ ਸੁਸਾਇਟੀ (ਨੇਕੋ) ਵੱਲੋਂ ਇਸ ਰੋਗ ’ਤੇ ਕਾਬੂ ਪਾਉਣ ਅਤੇ ਲੋਕਾਂ ਨੂੰ ਇਸ ਰੋਗ ਬਾਰੇ ਜਾਗਰਤ ਕਰਨ ਲਈ ਕਰੋੜਾਂ ਰੁਪਏ ਖ਼ਰਚ ਕੀਤੇ ਜਾ ਰਹੇ ਹਨ । ਮਾਹਰਾਂ ਦਾ ਕਹਿਣਾ ਹੈ ਕਿ ਜਦੋਂ ਤਕ ਇਨਸਾਨ ਦਾ ਅੰਦਰ ਦਾ ‘ਜੀਵ’ ਨਹੀਂ ਜਾਗਦਾ ਉਦੋਂ ਤਕ ਇਸ ਰੋਗ ਦੀ ਗਿਣਤੀ ਵਿੱਚ ਕਮੀ ਲਿਆਉਣੀ ਬਹੁਤ ਮੁਸ਼ਕਲ ਕੰਮ ਹੈ । ਨੇਕੋ ਦੀ ਰਿਪੋਰਟ ਦੇ ਮੁਤਾਬਕ ਲੋਕਾਂ ਨੂੰ ਜਾਗਰਤ ਕਰਨ ਦੇ ਲਈ ਪੰਚਾਇਤੀ ਸਤਰ ’ਤੇ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ ।



ਇਸ ਦੇ ਅਧੀਨ ‘ਬਚਾਉ ਯੋਜਨਾ’ ਸ਼ੁਰੂ ਕੀਤੀ ਗਈ ਹੈ । ‘ਬਚਾਉ ਯੋਜਨਾ’ ਮਨੁੱਖੀ ਸਰੀਰ ਨੂੰ ਬਿਮਾਰੀਆਂ ਤੋਂ ਸੁਰੱਖਿਅਤ ਰੱਖਦੀ ਹੈ । ਇਹ ਸਿਹਤਮੰਦ ਮਨੁੱਖਾਂ ਦੇ ਬਚਾਉ ਲਈ ਇਕ ਪ੍ਰਕਾਰ ਨਾਲ ਸੁਰੱਖਿਆ ਕਵਚ ਦਾ ਕੰਮ ਕਰਦੀ ਹੈ । ਰਿਪੋਰਟ ਦੇ ਮੁਤਾਬਕ ਪੰਚਾਇਤਾਂ ਅਤੇ ਸਮੁਦਾਇਕ ਨੇਤਾਵਾਂ ਨੂੰ ਏਡਸ ਦੇ ਪ੍ਰਤੀ ਲੋਕਾਂ ਨੂੰ ਜਾਗਰਤ ਕਰਨ ਲਈ ਖ਼ਾਸ ਭੂਮਿਕਾ ਨਿਭਾਉਣ ਲਈ ਸਿਫ਼ਾਰਸ਼ ਕੀਤੀ ਗਈ ਹੈ । ਇਸ ਮਾਧਿਅਮ ਨਾਲ ਏਡਸ ਗ੍ਰਸਤ ਰੋਗੀਆਂ ਨੂੰ ਦੂਸਰੇ ਰੋਗੀਆਂ ਨਾਲ ਸਮਾਜਿਕ ਅਤੇ ਪਰਿਵਾਰਕ ਕਾਰਜਾਂ ਵਿੱਚ ਸ਼ਾਮਲ ਕਰਨ ਅਤੇ ਉਹਨਾਂ ਨਾਲ ਚੰਗਾ ਸਲੂਕ ਕਰਨ ਲਈ ਕਿਹਾ ਗਿਆ ਹੈ । ਇਸ ਨਾਲ ਏਡਸ ਰੋਗੀ ਦਾ ਮਨੋਬਲ ਵਧੇਗਾ । ਇਸ ਕਾਰਜ ਲਈ ਕੇਂਦਰ ਸਰਕਾਰ ਦੁਆਰਾ ਪਿੰਡਾਂ ਦੇ ਸਥਾਈ ਕਾਰਜਕਰਤਾਵਾਂ ਅਤੇ ਗ਼ੈਰ-ਸਰਕਾਰੀ ਸੰਗਠਨਾਂ ਦੀ ਸਹਾਇਤਾ ਨਾਲ ਸਮੁਦਾਇਕ ਸਿਹਤ ਕੇਂਦਰ ਸਥਾਪਤ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਤੋਂ ਇਲਾਵਾ ਧਾਰਮਿਕ ਲੀਡਰਾਂ ਨੂੰ ਵੀ ਏਡਸ ਪੀੜਿਤ ਮਰੀਜ਼ਾਂ ਨੂੰ ਆਪਣੀਆਂ ਗਤੀਵਿਧੀਆਂ ਵਿੱਚ ਸ਼ਾਮਲ ਕਰਨ ਲਈ ਪ੍ਰੇਰਤ ਕੀਤਾ ਗਿਆ । ਸਰਕਾਰ ਨੇ ਇਨ੍ਹਾਂ ਰੋਗੀਆਂ ਦੇ ਇਲਾਜ ਲਈ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਸੇਵਾਵਾਂ ਦਾ ਪ੍ਰਬੰਧ ਵੀ ਕੀਤਾ ਹੈ । ਵਰਣਨਯੋਗ ਹੈ ਕਿ ਹਰ ਸਾਲ ਪੰਜਾਬ ਸਟੇਟ ਏਡਸ ਕੰਟਰੋਲ ਸੁਸਾਇਟੀ ਏਡਸ ਨੂੰ ਰੋਕਣ ਲਈ ਵਿਸ਼ੇਸ਼ ਪੈਕੇਜ ਦਿੰਦੀ ਹੈ । ਰਾਜ ਵਿਚ ਕੁੱਲ 12 ਜ਼ਿਲ੍ਹਿਆਂ ਵਿੱਚ ਏਡਸ ਕੰਟਰੋਲ ਦਾ ਕੰਮ ਚੱਲ ਰਿਹਾ ਹੈ । ਪੰਜਾਬ ਵਿੱਚ ਤਿੰਨ ਜੋਨਲ ਬਲੱਡ ਟੈਸਟਿੰਗ ਸੈਂਟਰ ਹਨ—ਅੰਮ੍ਰਿਤਸਰ, ਲੁਧਿਆਣਾ ਅਤੇ ਪਟਿਆਲਾ । ਨਾਲ ਹੀ 24 ਲਾਇਸੈਂਸ ਸ਼ੁਧਾ ਬਲੱਡ-ਬੈਂਕ ਹਨ । ਏਡਸ ਦੇ ਬਾਰੇ ਲੋਕਾਂ ਨੂੰ

ਜਾਗਰੂਕ ਕਰਨ ਲਈ ਇਕ ਹੋਰ ਗੱਲ ਵੀ ਕਾਫ਼ੀ ਪ੍ਰਚੱਲਿਤ ਹੈ, ਜਿਸ ਨੂੰ 'ਏ.ਬੀ.ਸੀ. ਫਾਰ ਏਡਸ' ਕਿਹਾ ਜਾਂਦਾ ਹੈ । ਇਸ ਦੇ ਅਨੁਸਾਰ 'ਏ' ਅਰਥਾਤ 'ਏਬਸੇਂਟੀਨੇਂਸ ਫਰਾਮ ਮਲਟੀਪਲ ਸੈਕਸ ਪਾਰਟਨਰ' (ਇਕ ਤੋਂ ਜ਼ਿਆਦਾ ਸਾਥੀ ਦੇ ਨਾਲ ਸਰੀਰਕ ਸੰਬੰਧਾਂ ਤੋਂ ਪਰਹੇਜ ਕਰਨਾ); 'ਬੀ' ਅਰਥਾਤ ਬੀ 'ਫੇਥਫੁਲ ਟੂ ਯੂਅਰ ਪਾਰਟਨਰ' (ਆਪਣੇ ਸਾਥੀ ਨਾਲ ਵਫਾਦਾਰੀ), 'ਸੀ' ਦਾ ਮਤਲਬ 'ਕੰਡੋਮ ਪ੍ਰਮੋਸ਼ਨ' (ਯੋਨ ਸੰਪਰਕਾਂ ਵਿੱਚ ਕੰਡੋਮ ਦੇ ਪ੍ਰਯੋਗ ਨੂੰ ਪਹਿਲ ਦੇਣਾ) ਹੈ । ਜੇਕਰ ਕੋਈ ਏ.ਬੀ.ਸੀ. ਫਾਰ ਏਡਸ ਨੂੰ ਚੰਗੀ ਤਰ੍ਹਾਂ ਨਾਲ ਅਪਣਾ ਲਵੇ ਤਾਂ ਉਹ ਕਦੇ ਵੀ ਏਡਸ ਨਾਲ ਗ੍ਰਸਤ ਨਹੀਂ ਹੋ ਸਕਦਾ ਹੈ । ਧਿਆਨ ਦੇਣ ਯੋਗ ਹੈ ਕਿ ਸਭ ਤੋਂ ਪਹਿਲੇ ਵਾਇਰਸ ਜਾਂਚ ਲਈ 'ਐਚ.ਆਈ.ਵੀ.' ਟੈਸਟ ਕੀਤਾ ਜਾਂਦਾ ਹੈ, ਇਸ ਦੇ ਪਾਜੇਟਿਵ ਹੋਣ ਨਾਲ ਏਡਸ ਦੀ ਪੁਸ਼ਟੀ ਹੋਣ ਦੀ ਸੂਰਤ ਵਿੱਚ ਵੇਸਟਰਨ ਬਲਾਟ ਟੈਸਟ (ਡਬਲਊ.ਬੀ.ਟੀ.) ਕੀਤਾ ਜਾਂਦਾ ਹੈ ।

–ਜਗਦੀਸ਼ ਕੁਮਾਰ/ਮਨਦੀਪ, ਜਲੰਧਰ/ਪਟਿਆਲਾ)



## ਜਿਨ੍ਹਾਂ ਨਾਲ ਹੋ ਸਕਦਾ ਹੈ ਏਡਸ

* ਅਸੁਰੱਖਿਅਤ ਯੋਨ ਸੰਬੰਧ ।
* ਐਚ.ਆਈ.ਵੀ. ਵਾਲਾ ਖ਼ੂਨ ਚੜ੍ਹਾਉਣ ਜਾਂ ਏਡਸ ਪੀੜਿਤ ਤੋਂ ਕੋਈ ਅੰਗ ਦਾਨ ਲੈਣ ਕਰਕੇ ।
* ਬਿਨਾਂ ਉਬਾਲੀ ਸੂਈ ਜਾਂ ਕਿਸੇ ਦੂਜੇ ਵਿਅਕਤੀ ਦੁਆਰਾ ਲਗਾਈ ਸੂਈ ਦੇ ਪ੍ਰਯੋਗ ਕਰਨ ਨਾਲ ।
* ਐਚ.ਆਈ.ਵੀ. ਗ੍ਰਸਤ ਮਾਂ ਤੋਂ ਉਸ ਦੇ ਬੱਚੇ ਨੂੰ ।
* ਸੇਵਾ ਕਰਨ ਲਈ ਏਡਸ ਰੋਗੀ ਦੁਆਰਾ ਪ੍ਰਯੋਗ ਕੀਤੇ ਗਏ ਬਲੇਡ ਨੂੰ ਇਸਤੇਮਾਲ ਕਰਨ ਨਾਲ ।
* ਏਡਸ ਗ੍ਰਸਤ ਵਿਅਕਤੀ ਨਾਲ ਸਰੀਰਕ ਸੰਬੰਧ ਬਣਾਉਣ ਵੇਲੇ ਕੰਡੋਮ ਦਾ ਪ੍ਰਯੋਗ ਨਾ ਕਰਨਾ ।

## ਨਹੀਂ ਹੁੰਦਾ ਇਹਨਾਂ ਤੋਂ

* ਇਕ ਦੂਸਰੇ ਨੂੰ ਛੂਹਣ ਨਾਲ ।
* ਮੱਛਰ ਦੁਆਰਾ ਕੱਟਣ ਤੋਂ ।
* ਇਕੱਠੇ ਕੰਮ ਕਰਨ ਨਾਲ ।
* ਇਕੱਠੇ ਖਾਣ, ਇਕ ਦੂਜੇ ਦੇ ਕੱਪੜੇ ਪਹਿਨਣ ਜਾਂ ਇਕ ਹੀ ਬਾਥਰੂਮ ਦਾ ਇਸਤੇਮਾਲ ਕਰਨ ਤੋਂ ।

### ਲੱਛਣ

* ਲੰਮੇ ਸਮੇਂ ਤਕ ਬੁਖ਼ਾਰ ਨਾਲ ਭਾਰ ਦਾ ਘਟਣਾ ।
* ਸਰੀਰ 'ਤੇ ਫਿੰਸੀ-ਫੋੜਾ ਹੋਣਾ ।
* ਗਰਦਨ, ਬਾਂਹ ਅਤੇ ਪਿੱਠ ਦੇ ਥੱਲੇ ਗਿਲਟੀ ਹੋਣਾ ।
* ਰਾਤ ਨੂੰ ਜ਼ਿਆਦਾ ਪਸੀਨਾ ਆਉਣਾ ।

* ਖਾਂਸੀ ਅਤੇ ਮੂੰਹ ਤੋਂ ਲਾਰ ਗਿਰਨਾ ।
* ਭਾਰ ਘਟਣਾ ਅਤੇ ਨਜ਼ਰ ਕਮਜ਼ੋਰ ਹੋਣਾ ।
* ਕਾਫ਼ੀ ਸਮੇਂ ਤੋਂ ਦਸਤ ਰਹਿਣੇ ।
* ਇਲਾਜ ਦੇ ਬਾਵਜੂਦ ਜ਼ਖ਼ਮ ਨਾ ਭਰਨਾ ।

## ਚਾਰ ਸਥਿਤੀਆਂ

* ਐਚ.ਆਈ.ਵੀ. ਨਾਲ ਸੰਕ੍ਰਮਿਤ ਵਿਅਕਤੀ ਦੀਆਂ ਚਾਰ ਸਥਿੱਤੀਆਂ ਹੁੰਦੀਆਂ ਹਨ । ਪਹਿਲੀ -ਸੰਕ੍ਰਮਿਤ ਸਥਿਤੀ ਵਿੱਚ 4 ਤੋਂ 6 ਹਫ਼ਤਿਆਂ ਦੇ ਅੰਦਰ ਸਾਧਾਰਨ ਫਲੂ ਅਤੇ ਬਦਨ ਦਰਦ ਤੋਂ ਬਾਅਦ । 8-10 ਸਾਲ ਤਕ ਏਡਸ ਦਾ ਕੋਈ ਲੱਛਣ ਨਹੀਂ ਉਭਰਦਾ ਹੈ । ਦੂਸਰੀ ਹਾਲਤ—ਏਡਸ ਰੋਗ ਦੇ ਲੱਛਣਾਂ ਦੇ ਵਿਕਾਸ ਦੀ ਹੈ । ਤੀਸਰੀ ਹਾਲਤ—ਏਡਸ ਦੇ ਵਿਕਾਸ ਦੀ ਤਰਫ਼ ਅਤੇ ਚੌਥੀ ਹਾਲਤ—ਮੌਤ ।

ਦੈਨਿਕ ਜਾਗਰਣ 17 ਫ਼ਰਵਰੀ 2004 'ਚੋਂ ਧੰਨਵਾਦ ਸਹਿਤ !'



# ਏਡਸ ਦੀ ਰੋਕਥਾਮ ਅਤੇ ਸਿੱਖ ਧਰਮ

-ਜੋਗੰਦਰ ਸਿੰਘ, ਨਵਾਂ ਸ਼ਹਿਰ

ਸਮੁੱਚੇ ਵਿਸ਼ਵ ਦੀ ਗੱਲ ਕਰਨੀ ਏ । ਸਾਡਾ ਗ਼ਰੀਬ ਦੇਸ਼ ਹੀ 35 ਸਾਲ ਪਹਿਲਾਂ 35 ਹਜ਼ਾਰ ਦੇ ਕਰੀਬ ਏਡਜ਼ ਦੇ ਮਰੀਜ਼ਾਂ ਨੂੰ ਚੁੱਕੀ ਫਿਰਦਾ ਸੀ ਪਰ ਹੁਣ ਇਹ ਫਿਗਰ ੫ ਲੱਖ ਤੋਂ ਵੀ ਉੱਪਰ ਟੱਪ ਗਿਆ ਹੈ। ਮੈਂ ਇੱਕ ਡਾਕਟਰ ਪਾਸ ਗਿਆ ਜਿਸ ਨੇ ਏਡਸ ਦੀ ਰੋਕਥਾਮ ਬਾਰੇ ਬੋਰਡ ਲਾਇਆ ਹੋਇਆ ਸੀ । ਮੈਂ ਡਾਕਟਰ ਨੂੰ ਕਿਹਾ, "ਡਾਕਟਰ ਸਾਹਿਬ, ਅੱਜ ਸਮੁੱਚਾ ਸੰਸਾਰ ਗੁਰੂ ਨਾਨਕ ਸਾਹਿਬ ਜੀ ਦੀ ਸਿੱਖਿਆ ਨੂੰ ਅਪਣਾ ਲਵੇ, ਏਡਸ ਖੰਭ ਲਾ ਕੇ ਉੱਡ ਜਾਵੇਗੀ, ਕਿਉਂਕਿ ਗੁਰੂ ਸਾਹਿਬ ਨੇ ਆਚਰਣ ਪਵਿੱਤਰਤਾ ਨੂੰ ਆਪਣੀ ਵਿਚਾਰਧਾਰਾ ਵਿੱਚ ਵਿਸ਼ੇਸ਼ ਸਥਾਨ ਦਿੱਤਾ ਹੈ। ਆਪ ਫ਼ਰਮਾਉਂਦੇ ਹਨ ਕਿ ਸਾਡੇ ਕਰਮ ਕਾਂਡ ਸੱਚੇ-ਸੁੱਚੇ ਆਚਰਣ ਤੋਂ ਨੀਵੇਂ ਹਨ :-

**"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥"**

ਸਿਰੀ ਰਾਗ ਮ: ੧ (ਅੰਗ ੬੨)

ਕਿਉਂਕਿ ਡਾਕਟਰ ਹਿੰਦੂ ਸੀ, ਮੇਰੀ ਗੱਲ ਅਤੇ ਵਿਚਾਰ ਉਸ ਨੂੰ ਇਸ ਤਰ੍ਹਾਂ ਲੱਗਾ ਜਿਵੇਂ ਮੈਂ ਇੱਟ ਮਾਰ ਦਿੱਤੀ ਹੋਵੇ।

ਇੱਕ ਹੋਰ ਥਾਂ ਗੁਰੂ ਜੀ ਫ਼ਰਮਾਉਂਦੇ ਹਨ ਕਿ ਹੇ ਮਨੁੱਖ, ਆਪਣੇ ਕਿਰਦਾਰ ਨੂੰ ਸੱਚਾ-ਸੁੱਚਾ ਬਣਾ, ਇਸ ਨਾਲ ਆਤਮਕ ਸੁੱਖ ਦੀ ਪ੍ਰਾਪਤੀ ਹੋਵੇਗੀ । ਇਸ ਇਖ਼ਲਾਕ ਦੀ ਪਰਖ ਵਿੱਚੋਂ ਗੁਜ਼ਰਨਾ ਪਿਆ, ਜਦੋਂ ਗੁਰੂ ਨੇ ਲੋਕਾਂ ਦੇ ਰਾਜਾ ਸ਼ਿਵ ਨਾਭ ਦੇ ਰਾਜ ਵਿੱਚ ਇੱਕ ਬਾਗ ਵਿੱਚ ਉਤਾਰਾ ਕੀਤਾ, ਤਾਂ ਰਾਜੇ ਨੇ ਸਵਾਗਤ ਦੇ ਬਹਾਨੇ ਖ਼ੂਬਸੂਰਤ ਔਰਤਾਂ ਨੂੰ ਭੇਜਿਆ ਕਿ ਨਾਚ ਕਰਕੇ ਆਰਤੀ ਉਤਾਰੋ। ਸ਼ਿਵ ਨਾਭ ਰਾਜੇ ਦਾ ਇੱਕ ਨਿਯਮ ਸੀ ਕਿ ਹਰ ਆਏ ਸਾਧੂ ਦੀ ਪਰਖ ਕਰਦਾ ਸੀ ਕਿ ਉਹ ਇੰਦਰੀ

ਜਿੱਤ ਹੈ ਜਾਂ ਨਹੀਂ; ਤਾਂ ਗੁਰੂ ਜੀ ਨੇ ਫ਼ੁਰਮਇਆ "ਬੱਚੀਉ ਜਾਉ, ਉਸ ਅਕਾਲ ਪੁਰਖ ਦੀ ਸਿਫ਼ਤ ਸਲਾਹ ਕਰਿਆ ਕਰੋ।"

**ਗਾਛਹੁ ਪੁਤ੍ਰੀ ਰਾਜਿ ਕੁਆਰਿ ॥ ਨਾਮੁ ਭਣਹੁ ਸਚੁ ਦੋਤੁ ਸਵਾਰਿ ॥"**

(ਅੰਗ ੧੧੮੭)

ਇਸ ਗੱਲ ਦਾ ਪਤਾ ਲੱਗਣ 'ਤੇ ਰਾਜਾ ਸ਼ਿਵਨਾਭ ਆਇਆ ਤੇ ਗੁਰੂ ਬਾਬਾ ਜੀ ਦੇ ਚਰਨੀਂ ਪਿਆ। ਇੰਞ ਸਤਿਗੁਰੂ ਜੀ ਨੇ ਸੱਚੇ-ਸੁੱਚੇ ਇਖ਼ਲਾਕ ਦੀ ਮਹੱਤਤਾ ਨੂੰ ਦ੍ਰਿੜ੍ਹਾਇਆ। ਸਮੁੱਚੀ ਮਨੁੱਖਤਾ ਲਈ ਗੁਰੂ ਜੀ ਦੀ ਇਹ ਪੰਗਤੀ ਬੜੀ ਕੀਮਤੀ ਹੈ, ਆਪ ਜੀ ਤਾਂ ਪਰਾਏ ਰੂਪ ਨੂੰ ਭੈੜੀ ਨਜ਼ਰ ਨਾਲ ਵੇਖਣ ਤੋਂ ਵੀ ਵਰਜਦੇ ਹਨ:

**ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥**

ਆਸਾ ਦੀ ਵਾਰ ਮ: ੧ (ਅੰਗ ੪੭੨)

ਅੱਜ ਦੁਨੀਆਂ ਧਰਮ ਤੋਂ ਦੂਰ ਜਾ ਰਹੀ ਹੈ। ਕਾਮ, ਕ੍ਰੋਧ ਆਦਿਕ ਵਿਕਾਰ ਮਨੁੱਖ ਵਿੱਚੋਂ ਇਨਸਾਨੀਅਤ ਖ਼ਤਮ ਕਰ ਦਿੰਦੇ ਹਨ। ਅੱਜ ਦਾ ਸਾਹਿਤ, ਸਿਨੇਮਾ, ਟੀ.ਵੀ. ਮਨੁੱਖ ਨੂੰ ਕਾਮੀ ਬਣਾ ਰਹੇ ਹਨ। ਇਖ਼ਲਾਕਹੀਣਤਾ ਸਭ ਹੱਦ ਬੰਨੇ ਟੱਪ ਗਈ ਹੈ, ਵਿਭਚਾਰ ਦਾ ਪਸਾਰਾ ਹੋ ਰਿਹਾ ਹੈ। ਵਿਭਚਾਰੀ ਮਨੁੱਖ ਤੇ ਇਸਤਰੀਆਂ ਇਸ ਬਿਮਾਰੀ (ਏਡਸ) ਦੇ ਮੁੱਖ ਤੌਰ 'ਤੇ ਜ਼ਿੰਮੇਵਾਰ ਹਨ ਅਤੇ ਕਾਮੁਕ ਸ਼ੋਸ਼ਣ ਕਾਰਨ ਹੀ ਇਹ ਬਿਮਾਰੀ ਦਿਨੋਂ ਦਿਨ ਦੂਣ ਸਵਾਈ ਹੋ ਕੇ ਪਸਰ ਰਹੀ ਹੈ। ਮਹਾਰਾਸ਼ਟਰ ਤੇ ਤਾਮਿਲਨਾਡੂ ਇਸ ਦੀ ਗ੍ਰਿਫ਼ਤ ਵਿੱਚ ਆ ਚੁੱਕੇ ਹਨ। ਇਹ ਹਵਸ ਭਾਰਤ ਦੇਸ਼ ਨੂੰ ਲੈ ਡੁਬੇਗੀ।

ਇਕ ਜ਼ਾਲਮ ਰਾਜਾ ਸੀ, ਜੋ ਇਕ ਲੁਟੇਰੇ ਤੋਂ ਇਰਾਨ ਦਾ ਸਮਰਾਟ ਬਣਿਆ। ਜਦੋਂ ਉਹ ਇੱਕ ਲੱਖ ਤੋਂ ਉੱਪਰ ਦਿੱਲੀ ਵਿੱਚ ਕਤਲੋ-ਗਾਰਤ ਕਰਕੇ ਖ਼ੂਨ ਦੀ ਨਦੀ ਵਹਾ ਕੇ ਕਰੋੜਾਂ ਰੁਪਏ ਦਾ ਸੋਨਾ ਤੇ



ਕਰੋੜਾਂ ਰੁਪਏ ਨਕਦ ਲੁੱਟ ਕੇ ਤੇ ਹੋਰ ਹਾਥੀ ਘੋੜੇ ਤੇ ਹਜ਼ਾਰਾਂ ਖ਼ੂਬਸੂਰਤ ਮੁਟਿਆਰਾਂ ਆਪਣੇ ਨਾਲ ਲੈ ਜਾ ਰਿਹਾ ਸੀ ਤਾਂ ਸਿੰਘਾਂ ਦੇ ਨਵਾਬ ਕਪੂਰ ਸਿੰਘ ਦੀ ਕਮਾਨ ਹੇਠ ਦਰਿਆ ਚਨਾਬ ਦੇ ਕੰਡੇ 'ਤੇ ਰਾਤ ਸਮੇਂ ਨਾਦਰ-ਸ਼ਾਹ ਨੂੰ ਜਾ ਘੇਰਿਆ। ਜਿੱਥੇ ਹੋਰ ਮਾਲ ਖ਼ਾਲਸੇ ਨੇ ਲੁੱਟਿਆ, ਉੱਥੇ ਜਵਾਨ ਲੜਕੀਆਂ ਵੀ ਖ਼ਾਲਸੇ ਨੇ ਛੁਡਾਈਆਂ ਅਤੇ ਉਨ੍ਹਾਂ ਨੂੰ ਘਰ ਘਰ ਪਹੁੰਚਾਇਆ। ਕਿਸੇ ਇਕ ਸਿੱਖ ਨੇ ਵੀ ਅੱਖ ਚੁੱਕ ਕੇ ਕਿਸੇ ਮੁਟਿਆਰ ਵੱਲ ਨਾ ਦੇਖਿਆ। ਇਹ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੀ ਉਮਤ ਖ਼ਾਲਸੇ ਦੇ ਇਖ਼ਲਾਕ ਦਾ ਇਕ ਸਿਖਰੀ ਸੀ ਐਸਾ ਇਖ਼ਲਾਕੀ ਨਮੂਨਾ ਜੋ ਦੁਨੀਆਂ ਦੇ ਇਤਿਹਾਸ ਵਿੱਚੋਂ ਨਹੀਂ ਮਿਲਦਾ। ਏਡਸ ਤੋਂ ਛੁਟਕਾਰਾ ਪਾਉਣਾ ਜਿੱਥੇ ਹੋਰ ਢੰਗ ਤਰੀਕਿਆਂ ਦੀ ਲੋੜ ਹੈ, ਉੱਥੇ ਲੋਕਾਂ ਨੂੰ ਆਪਣਾ ਚਰਿੱਤਰ ਪਾਕ ਪਵਿੱਤਰ ਰੱਖਣ ਲਈ ਸਮਝਾਉਣ ਦੀ ਵੀ ਲੋੜ ਹੈ। ਅਫ਼ਸੋਸ ਹੈ ਕਿ ਅੱਜ ਤਕ ਕਿਸੇ ਵੀ ਦਾਨਿਸ਼ਵਰ, ਬੁੱਧੀਜੀਵੀ ਦਾ ਬਿਆਨ ਤਕ ਨਹੀਂ ਕਿ ਇਖ਼ਲਾਕ ਮਨੁੱਖਤਾ ਦਾ ਗਹਿਣਾ ਹੈ। ਵਿਸ਼ਵ ਸਿਹਤ ਸੰਸਥਾ ਨੂੰ ਇਸ ਪਾਸੇ ਖ਼ਾਸ ਧਿਆਨ ਦੇਣਾ ਚਾਹੀਦਾ ਹੈ। ਚਰਿੱਤਰ ਨੂੰ ਮਜ਼ਬੂਤ ਕਰਨ ਲਈ ਹੀ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ: 'ਪਰਾਈ ਇਸਤਰੀ ਦਾ ਸੰਗ ਜ਼ਹਿਰੀਲੇ ਨਾਗ ਦਾ ਸੰਗ ਹੈ । ਜ਼ਹਿਰੀਲਾ ਨਾਗ ਜਿੰਨਾ ਕੁ ਵਫ਼ਾਦਾਰ ਹੈ ਉਸ ਨੇ ਡੱਸਣਾ ਹੀ ਡੱਸਣਾ ਹੈ । ਫ਼ੁਰਮਾਨ ਹੈ:

**ਜੈਸਾ ਸੰਗੁ ਬਿਸੀਅਰ ਸਿਉ ਹੈ ਤੇ ਤੈਸੋ ਹੀ ਇਹੁ ਪਰ ਗ੍ਰਿਹੁ॥'**

(ਅੰਗ ੪੦੩)

ਗੁਰੂ ਗੋਬਿੰਦ ਸਿੰਘ ਜੀ ਨੇ ਆਚਰਣ ਨੂੰ ਮਜ਼ਬੂਤ ਕਰਨ ਲਈ ਲਕੀਰ ਹੀ ਖਿੱਚ ਦਿੱਤੀ। ਪਰ ਇਸਤਰੀ ਤੇ ਪਰ ਮਰਦ ਦੇ ਸੰਗ ਕਰਨ ਨੂੰ ਇਕ ਬੱਜਰ ਕੁਰਹਿਤ ਬਣਾ ਦਿੱਤਾ। ਇਹ ਨੀਚ ਕੰਮ ਕਰਨ ਵਾਲਾ ਸਿੱਖ ਹੀ ਨਹੀਂ ਰਹਿੰਦਾ। ਗੁਰੂ ਨਾਨਕ ਦੇ ਸਿਧਾਂਤਾਂ ਨਾਲ ਵਿਸ਼ਵ ਦਾ ਜੀਵਨ ਸ਼ਿੰਗਾਰਿਆ ਅਤੇ ਸੁਧਾਰਿਆ ਜਾ ਸਕਦਾ ਹੈ। ਕੱਚੀ ਉਮਰ ਵਿੱਚ

ਬੱਚਿਆਂ ਦੇ ਇਸ਼ਕ ਮਿਜਾਜ਼ੀ ਦੇ ਨਾਵਲ ਪੜ੍ਹਨ ਨਾਲ ਕਾਮੁਕ ਤਰੰਗਾਂ ਤੇ ਉਮੰਗਾਂ ਉੱਠਣਗੀਆਂ ਅਤੇ ਇਖ਼ਲਾਕਹੀਣ ਹੋਣਗੇ ਹੀ, ਨਾਲ ਏਡਸ ਦਾ ਸ਼ਿਕਾਰ ਵੀ। ਜੇ ਇਨਸਾਨ ਨੇ ਇੰਦਰੀਆਂ ਨੂੰ ਨੱਥ ਨਹੀਂ ਪਾਈ ਤਾਂ ਇਨ੍ਹਾਂ ਨੇ ਵਿਕਾਰਾਂ ਵੱਲ ਭੱਜਣਾ ਹੀ ਭੱਜਣਾ ਹੈ ਤੇ ਮਨੁੱਖ ਦੀ ਖੁਆਰੀ ਵੀ ਹੋਣੀ ਹੀ ਹੋਣੀ ਹੈ। ਦਾਹੜੀ ਵਿੱਚ ਥੁੱਕ ਪੈਣਾ ਹੀ ਪੈਣਾ ਹੈ । ਗੁਰੂ ਨਾਨਕ ਜੀ ਫ਼ੁਰਮਾਨ ਕਰਦੇ ਹਨ:

**ਤਗੁ ਨ ਇੰਦ੍ਰੀ ਤਗੁ ਨ ਨਾਰੀ॥ ਭਲਕੇ ਥੁਕ ਪਵੈ ਨਿਤ ਦਾੜੀ॥**

(ਅੰਗ ੪੭੧)

ਬਾਬਾ ਨਾਨਕ ਜੀ ਦੀ ਸਰ ਜ਼ਮੀਨ ਪੰਜਾਬ ਹੀ 60-70 ਏਡਸ ਦੇ ਮਰੀਜ਼ਾਂ ਨੂੰ ਚੁੱਕੀ ਬੈਠਾ ਹੈ। ਜਿਸ ਸਰ ਜ਼ਮੀਨ ਪੰਜਾਬ ਤੋਂ ਮੂਲ-ਮੰਤਰ ਦਾ ਪ੍ਰਕਾਸ਼ ਹੋਇਆ, ਜਿੱਥੋਂ ਬਾਬਾ ਨਾਨਕ ਜੀ ਦੀ ਰਬਾਬ ਵਿੱਚੋਂ ਸ਼ਬਦ ਗੁਰੂ ਦਾ ਪ੍ਰਚਾਰ ਹੋਇਆ, ਅੱਜ ਉਹ ਧਰਤੀ ਏਡਸ ਦੇ ਮਰੀਜ਼ਾਂ ਨਾਲ ਭਰੀ ਪਈ ਹੈ। ਭਾਰਤ ਵਿੱਚ 45 ਲੱਖ ਦੇ ਕਰੀਬ ਔਰਤਾਂ ਵੇਸਵਾਪੁਣੇ ਵਿੱਚ ਗਰਕ ਹਨ ਅਤੇ ਜੋ ਦੇਹ ਵਪਾਰ ਚਲਦਾ ਹੈ ਉਹ ਵੱਖਰਾ ਹੈ। ਪ੍ਰਮਾਤਮਾ ਦੀ ਸਰਵੋਤਮ ਰਚਨਾ ਮਨੁੱਖ ਨੂੰ ਕਾਮੁਕ ਸੋਚਣੀ ਨੇ ਵਿਕਾਰੀ, ਵਿਭਚਾਰੀ, ਚਰਿੱਤਰਹੀਣ ਬਣਾ ਕੇ ਰੱਖ ਦਿੱਤਾ ਹੈ । ਇਹ ਵਾਸ਼ਨਾਵਾਂ ਸਰੀਰ ਨੂੰ ਗਾਲ ਕੇ ਰੱਖ ਦੇਂਦੀਆਂ ਹਨ, ਜਿਵੇਂ ਸੁਨਿਆਰਾ ਸੁਹਾਗਾ ਪਾ ਕੇ ਸੋਨੇ ਨੂੰ ਢਾਲਦਾ ਹੈ।

ਕਾਮ-ਵਾਸ਼ਨਾ ਦੀ ਪੂਰਤੀ ਲਈ ਅੱਜ ਇਨਸਾਨ ਜੋ ਇਸ ਲਾਈਨ 'ਤੇ ਤੁਰਿਆ ਹੋਇਆ ਹੈ, ਰਿਸ਼ਵਤਖੋਰ, ਚੋਰ, ਡਾਕੂ ਅਤੇ ਬੇਈਮਾਨ ਬਣਿਆ ਬੈਠਾ ਹੈ, ਇਸ ਕਾਮ-ਵਾਸ਼ਨਾ ਦੀ ਪੂਰਤੀ ਲਈ ਪੈਸਾ ਕਿੱਥੋਂ ਆਵੇਗਾ, ਇਨ੍ਹਾਂ ਵਸੀਲਿਆਂ ਰਾਹੀਂ ਇਨਸਾਨ ਨਿਮਖ ਸੁਆਦ ਦੇ ਕਾਰਨ ਕਰੋੜਾਂ ਦਿਨਾਂ ਦਾ ਦੁੱਖ ਆਪਣੇ ਗਲ ਪਾ ਲੈਂਦਾ ਹੈ।



ਨੌਜਵਾਨੋਂ ਜਾਗੋ! ਇਸ ਏਡਸ ਦੀ ਖ਼ਤਰਨਾਕ ਅਲਾਮਤ ਨੇ ਤੁਹਾਡੀ ਪੀੜ੍ਹੀ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ, ਬਚ ਜਾਉ । ਜੇ ਬਚਣਾ ਹੈ ਤੇ ਗੁਰੂ ਨਾਨਕ ਦੇ ਸਿਧਾਤਾਂ 'ਤੇ ਪਹਿਰਾ ਦਿਉ, ਨਹੀਂ ਤਾਂ ਇਹ ਸੱਪਣੀ ਬਣਦਾ ਜਾ ਰਿਹਾ ਹੈ। ਜੋ ਏਡਸ ਦੀ ਇਸ ਭਿਆਨਕ ਬਿਮਾਰੀ ਦੀ ਗ੍ਰਿਫ਼ਤ ਵਿੱਚ ਆ ਗਏ ਉਹ ਇਸ ਲਾ-ਇਲਾਜ ਬੀਮਾਰੀ ਤੋਂ ਬਚ ਨਹੀਂ ਸਕਣਗੇ। ਪਰ ਜਿਹੜੇ ਬਚੇ ਹੋਏ ਹਨ ਉਹ ਤਾਂ ਗੁਰੂ ਦੀ ਕਹੀ ਨੂੰ ਸੁਣ ਲੈਣ।

ਇਹ ਸੁੱਚਾ ਚਰਿੱਤਰ ਹੀ ਸੀ ਜਿਸ ਕਾਰਨ ਖ਼ਾਲਸਾ ਪੰਥ ਬੁਲੰਦੀਆਂ ਛੋਂਹਦਾ ਰਿਹਾ। ਅੱਜ ਇਖ਼ਲਾਕਹੀਣ ਇਨਸਾਨ ਬਿਖ ਬੀਜ ਕੇ ਅੰਮ੍ਰਿਤ ਦੀ ਉਮੀਦ ਰੱਖੇ, ਕਿੱਥੋਂ ਮਿਲੇਗਾ?

ਚਰਿੱਤਰਹੀਣ ਵਿਅਕਤੀ ਏਡਸ ਵਰਗੀ ਭਿਆਨਕ, ਬਿਮਾਰੀ ਨਾਲ ਗਲਦਾ, ਸੜਦਾ ਤੇ ਮਰਦਾ ਰਹੇਗਾ। ਜਦ ਤਕ ਗੁਰੂ ਨਾਨਕ ਦੇ ਵਿਚਾਰਾਂ ਨੂੰ ਅਪਣਾਉਂਦਾ ਨਹੀਂ।

-ਜੋਗਿੰਦਰ ਸਿੰਘ ਨਵਾਂ ਸ਼ਹਿਰ
ਸਪੋਕਸਮੈਨ, 25 ਦਸੰਬਰ 2006

# ਚੰਗਾ ਆਚਰਣ ਹੀ ਏਡਜ਼ ਤੋਂ ਬਚਾ ਸਕਦਾ ਹੈ

(ਏਸ਼ੀਆ ਵਿਜ਼ਨ ਫ਼ੀਚਰ ਸੇਵਾ ਬਟਾਲਾ)

ਭਾਰਤੀ ਸੱਭਿਅਤਾ ਅਨੁਸਾਰ ਕਿਸੇ ਹੋਰ ਔਰਤ ਨਾਲ ਭੋਗ ਕਰਨਾ ਦੁਰਾਚਾਰ ਹੈ। ਯੋਨੀ ਮੈਥੁਨ, ਹਸਤ ਮੈਥੁਨ, ਪਸ਼ੂ ਮੈਥੁਨ, ਗੁਦਾ-ਮੈਥੁਨ ਅਤੇ ਸਮਲਿੰਗਤਾ ਸਭ ਦੁਰਾਚਾਰ ਹਨ। ਬਿਮਾਰ ਔਰਤ ਅਤੇ ਮਾਹਵਾਰੀ ਸਮੇਂ ਔਰਤ ਨਾਲ ਸਹਿਵਾਸ ਕਰਨਾ ਹੀ ਦੁਰਾਚਾਰ ਹੈ। ਸੈਕਸ ਦੁਰਾਚਾਰ ਨਾਲ ਚਰਮ-ਰੋਗ ਅਤੇ ਕਈ ਤਰ੍ਹਾਂ ਦੇ ਲਿੰਗ ਰੋਗ ਉਤਪੰਨ ਹੋ ਜਾਂਦੇ ਹਨ। ਇਸ ਲਈ ਆਯੁਰਵੇਦ ਸੰਜਮੀ ਜੀਵਨ ਬਤੀਤ ਕਰਨ ਦਾ ਉਪਦੇਸ਼ ਦੇਂਦਾ ਹੈ। ਮਰਿਯਾਦਾ ਭੰਗ ਕਰਨ ਨਾਲ ਹੀ ਲਿੰਗ ਰੋਗ ਹੁੰਦੇ ਹਨ। ਏਡਸ ਦੀ ਬਿਮਾਰੀ ਅਮਰੀਕਾ, ਅਫ਼ਰੀਕਾ ਅਤੇ ਹੋਰ ਯੂਰਪੀ ਦੇਸ਼ਾਂ ਵਿੱਚ ਆਮ ਪਾਈ ਜਾਂਦੀ ਹੈ, ਪਰ ਇਸ ਰੋਗ ਦੀ ਪਹਿਚਾਣ ਓਦੋਂ ਹੋਈ ਜਦ 1981 'ਚ ਕੈਲੀਫੋਰਨੀਆਂ ਦੇ ਹਸਪਤਾਲ 'ਚ ਨਿਮੋਨੀਆ ਬੁਖ਼ਾਰ ਨਾਲ ਪੀੜਿਤ ਪੰਜ ਨੌਜਵਾਨ ਇਲਾਜ ਲਈ ਦਾਖ਼ਲ ਕੀਤੇ ਗਏ। ਇਹਨਾਂ ਦਾ ਬਹੁਤ ਇਲਾਜ ਕੀਤਾ ਗਿਆ ਪਰ ਅਰਾਮ ਨਹੀਂ ਸੀ ਆਉਂਦਾ। ਡਾਕਟਰ ਕਾਫ਼ੀ ਪ੍ਰੇਸ਼ਾਨ ਸਨ। ਕਾਫ਼ੀ ਅਧਿਐਨ ਤੋਂ ਬਾਅਦ ਪਤਾ ਲੱਗਾ ਕਿ ਇਹਨਾਂ 'ਚ ਰੋਗਾਂ ਨੂੰ ਰੋਕਣ ਦੀ ਤਾਕਤ ਖ਼ਤਮ ਹੋ ਚੁੱਕੀ ਹੈ। ਇਸ ਤਰ੍ਹਾਂ ਇਕ ਨਵੇਂ ਰੋਗ ਦਾ ਪਤਾ ਲੱਗਾ ਜਿਸ ਦਾ ਨਾਮ ਏ. ਆਈ. ਡੀ. ਐਸ. ਰੱਖਿਆ ਗਿਆ। ਇਸ ਤਰ੍ਹਾਂ ਅਮਰੀਕੀ ਡਾਕਟਰਾਂ ਨੇ ਨਵਾਂ ਰੋਗ ਏਡਜ਼ ਲੱਭ ਲਿਆ ਅਤੇ ਫਿਰ ਇਸ ਰੋਗ ਦੇ ਕਾਰਨ ਅਤੇ ਇਲਾਜ ਲੱਭਣ ਲੱਗ ਪਏ। ਪੰਜ ਨਿਮੋਨੀਏ ਦੇ ਮਰੀਜ਼ਾਂ ਦੀ ਹਿਸਟਰੀ ਤੋਂ ਪਤਾ ਲੱਗਾ ਕਿ ਇਹ ਪੰਜੇ ਸਮਲਿੰਗਕ ਮੈਥੁਨ ਕਰਦੇ ਸਨ। ਇਸ ਘਟਨਾ ਉਪਰੰਤ ਕਈ ਰੋਗੀ ਹਸਪਤਾਲ ਦਾਖ਼ਲ ਹੋਏ ਜੋ ਏਡਜ਼ ਦਾ ਸ਼ਿਕਾਰ ਸਨ ਅਤੇ ਇਹ ਸਾਰੇ ਰੋਗੀ ਗੁਦਾ-ਮੈਥੁਨ ਕਰਦੇ ਸਨ। ਇਹਨਾਂ ਨੂੰ ਕਈ ਕਿਸਮ ਦੀਆਂ ਭਿਆਨਕ ਬਿਮਾਰੀਆਂ ਨੇ ਜਕੜਿਆ ਹੋਇਆ ਸੀ। ਇਹ ਸਾਰੇ ਰੋਗੀ ਸਮਲਿੰਗੀ ਕਾਮੁਕਤਾ ਨਾਲ ਸਾਰੀ ਸਰੀਰਕ ਤਾਕਤ ਗਵਾ ਬੈਠੇ ਸਨ। ਅਮਰੀਕੀ ਡਾਕਟਰ ਪ੍ਰੇਸ਼ਾਨ



ਸਨ ਕਿ ਸਮਲਿੰਗਕ ਮੈਥੁਨ ਨਾਲ ਏਡਜ਼ ਕਿਉਂ ਹੁੰਦੀ ਹੈ ? ਅਮਰੀਕੀ ਵਿਗਿਆਨੀ ਖ਼ੋਜ ਕਰ ਰਹੇ ਸਨ ਕਿ ਜਾਪਾਨੀ ਵਿਗਿਆਨੀਆਂ ਨੇ ਏਡਜ਼ ਦਾ ਕਾਰਨ ਲੱਭਿਆ। ਏਡਜ਼ ਦੇ ਵਿਸ਼ਾਣੂ ਮਨੁੱਖੀ ਲਹੂ 'ਚ ਦਾਖ਼ਲ ਹੋ ਕੇ ਉਸ ਵਿਅਕਤੀ ਦੀ ਸਾਰੀ ਰੋਗਾਂ ਨਾਲ ਲੜਨ ਦੀ ਤਾਕਤ ਖ਼ਤਮ ਕਰ ਦਿੰਦੇ ਹਨ। ਵਿਗਿਆਨੀਆਂ ਨੂੰ ਪਤਾ ਲੱਗਾ ਕਿ ਪੁਰਸ਼ ਲਿੰਗ ਜਾਂ ਯੋਨੀ ਦਾ ਮੂੰਹ ਨਾਲ ਮੈਥੁਨ ਕਰਨ ਨਾਲ ਵੀ ਏਡਜ਼ ਹੋ ਜਾਂਦੀ ਹੈ। ਏਡਜ਼ ਦੁਰਾਚਾਰ ਦਾ ਪ੍ਰਤੱਖ ਫਲ ਸਾਰੀ ਦੁਨੀਆਂ ਸਾਹਮਣੇ ਹੈ। ਏਡਜ਼ ਦਾ ਕੋਈ ਸਫਲ ਇਲਾਜ ਨਹੀਂ ਹੈ। ਅਮਰੀਕਾ 'ਚ 2,02,843 ਏਡਜ਼ ਕੇਸਾਂ ਦਾ ਪਤਾ ਲੱਗਾ ਅਤੇ ਇਹਨਾਂ ਵਿੱਚੋਂ ਏਡਜ਼ ਦੀ ਬਿਮਾਰੀ ਨਾਲ 1,30,687 ਵਿਅਕਤੀ ਮਰ ਗਏ। ਇਹ ਲਿੰਗ ਰੋਗ ਕੁਦਰਤੀ ਨਹੀਂ ਹਨ। ਸਗੋਂ ਦੁਰਾਚਾਰ ਅਨਾਚਾਰ ਅਤੇ ਪਾਪ ਕਰਮਾਂ ਦੀ ਪੈਦਾਵਰ ਹਨ। ਇਕ ਸਰਵੇ ਅਨੁਸਾਰ 90 ਪ੍ਰਤੀਸ਼ਤ ਭਾਰਤੀ ਵੇਸਵਾਵਾਂ ਯੋਨੀ ਰੋਗਾਂ ਨਾਲ ਪੀੜਿਤ ਹਨ ਅਤੇ 50 ਪ੍ਰਤੀਸ਼ਤ ਵੇਸਵਾਵਾਂ ਨਾਲ ਮਿਲਦੀਆਂ-ਜੁਲਦੀਆਂ ਬਿਮਾਰੀਆਂ ਦੀਆਂ ਸ਼ਿਕਾਰ ਹਨ। ਅਮਰੀਕਾ ਦੇ 70 ਪ੍ਰਤੀਸ਼ਤ ਰੋਗੀਆਂ ਦਾ ਮੂਲ ਕਾਰਨ ਏਡਜ਼ ਹੈ। ਆਯੁਰਵੇਦ ਦੇ ਪ੍ਰਾਚੀਨ ਗ੍ਰੰਥਾਂ 'ਚ ਲਿੰਗ ਰੋਗਾਂ ਬਾਰੇ ਕਾਫ਼ੀ ਵਿਸਥਾਰ ਨਾਲ ਦੱਸਿਆ ਗਿਆ ਹੈ। ਕਈ ਅਜਿਹੇ ਯੋਨ ਰੋਗਾਂ ਦਾ ਵਰਣਨ ਮਿਲਦਾ ਹੈ ਜੋ ਏਡਜ਼ ਨਾਲ ਮਿਲਦੇ ਜੁਲਦੇ ਹਨ। ਆਯੁਰਵੇਦ ਰਸਾਇਣਾਂ ਰਾਹੀਂ ਏਡਜ਼ ਦਾ ਇਲਾਜ ਲੱਭਿਆ ਜਾ ਸਕਦਾ ਹੈ। ਆਯੁਰਵੇਦ ਆਚਾਰੀਯਾ ਅਤੇ ਵਿਸ਼ਵ ਦੇ ਜੀਵ-ਵਿਗਿਆਨੀ ਇਸ ਭਿਆਨਕ ਜਾਨ ਲੇਵਾ ਬਿਮਾਰੀ ਦੇ ਇਲਾਜ ਖੋਜਣ 'ਚ ਲੱਗੇ ਹੋਏ ਹਨ। ਮੁੱਕਦੀ ਗੱਲ ਕਿ ਏਡਜ਼ ਦਾ ਮੂਲ ਕਾਰਣ ਹਨ—ਲਿੰਗ ਰੋਗ ਅਤੇ ਲਿੰਗ ਰੋਗ ਦੁਰਾਚਾਰ ਰਾਹੀਂ ਪੈਦਾ ਹੁੰਦੇ ਹਨ। ਆਯੁਰਵੇਦ ਅਨੁਸਾਰ ਸੰਜਮੀ ਜੀਵਨ ਬਤੀਤ ਕੀਤਾ ਜਾਵੇ ਅਤੇ ਅਨਾਚਾਰ, ਦੁਰਾਚਾਰ ਅਤੇ ਪਾਪ ਕਰਮਾਂ ਤੋਂ ਬਚਿਆ ਜਾਵੇ। ਸਦਾਚਾਰੀ ਜੀਵਨ ਹੋਮ ਹਵਨ ਅਤੇ ਰਸਾਇਣ ਔਸ਼ਧੀ ਸੇਵਨ ਹੀ ਰੋਗਾਂ ਤੋਂ ਬਚਣ ਦਾ ਉੱਤਮ ਸਾਧਨ ਹੈ।

(ਰੋਜ਼ਾਨਾ ਨਵਾਂ ਜ਼ਮਾਨਾ 28-8-92 ਵਿੱਚੋਂ ਧੰਨਵਾਦ ਸਹਿਤ)

# ਮੌਤ ਦਾ ਖ਼ੂਨੀ ਪੰਜਾ ਬਨਾਮ ਏਡਜ਼

ਸੁਨੀਲ ਚੰਦਿਆਣਵੀ

ਪੂਰੀ ਦੁਨੀਆਂ 'ਤੇ ਖ਼ੂਨੀ ਪੰਜਾ ਫੈਲਾਈ ਬੈਠੀ ਬਿਮਾਰੀ ਏਡਜ਼ ਬਾਰੇ ਗੱਲ ਕਰਦੇ ਹਾਂ ਜਿਸ ਦਾ ਪੂਰਾ ਨਾਮ ਐਕਆਇਰਡ ਇਮਿਊਨੋ ਡੈਫ਼ੀਸੈਂਸੀ ਸਿੰਡਰੋਮ ਹੈ । ਇਸ ਦਾ ਦੂਸਰਾ ਨਾਮ ਮੌਤ ਵੀ ਲਿਆ ਜਾ ਸਕਦਾ ਹੈ ।

ਬਿਮਾਰੀਆਂ ਵਿੱਚੋਂ ਕੁਝ ਛੂਤਛਾਤ ਦੀਆਂ ਬਿਮਾਰੀਆਂ ਹਨ ਜੋ ਕਿ ਮਨੁੱਖ ਤੋਂ ਦੂਸਰੇ ਮਨੁੱਖ ਤਕ ਪਹੁੰਚ ਜਾਂਦੀਆਂ ਹਨ ਅਤੇ ਹੌਲੀ-ਹੌਲੀ ਕਾਫ਼ੀ ਲੋਕਾਂ ਨੂੰ ਆਪਣੀ ਗ੍ਰਿਫ਼ਤ ਵਿੱਚ ਲੈ ਲੈਂਦੀਆਂ ਹਨ । ਛੂਤ-ਛਾਤ ਦੀਆਂ ਬਿਮਾਰੀਆਂ ਤੋਂ ਬਚਣਾ ਔਖਾ ਹੋ ਜਾਂਦਾ ਹੈ ਭਾਵੇਂ ਕਿੰਨਾ ਵੀ ਪ੍ਰਹੇਜ਼ ਕੀਤਾ ਜਾਵੇ । ਪਰ ਏਡਜ਼ ਹੀ ਇਕ ਅਜਿਹੀ ਛੂਤ ਦੀ ਬਿਮਾਰੀ ਹੈ, ਜੇਕਰ ਇਸ ਦਾ ਪੂਰਨ ਤੌਰ 'ਤੇ ਪ੍ਰਹੇਜ਼ ਰੱਖਿਆ ਜਾਵੇ ਤਾਂ ਇਸ ਬਿਮਾਰੀ ਤੋਂ ਬਚਿਆ ਜਾ ਸਕਦਾ ਹੈ । ਪ੍ਰਹੇਜ਼ ਤੋਂ ਬਿਨਾਂ ਅਜੇ ਤਕ ਇਸ ਦਾ ਕੋਈ ਇਲਾਜ ਨਹੀਂ ਲੱਭਿਆ ਜਾ ਸਕਿਆ ।

ਜੇਕਰ ਇਹ ਬਿਮਾਰੀ ਇਸੇ ਤਰ੍ਹਾਂ ਰੰਗ ਵਿਖਾਉਂਦੀ ਰਹੀ ਤਾਂ ਆਉਣ ਵਾਲੇ ਸਾਲਾਂ ਵਿਚ ਨੌਜਵਾਨ ਵਰਗ ਦੇਖਣ ਨੂੰ ਵੀ ਨਹੀਂ ਮਿਲੇਗਾ । ਆਈ.ਐਚ.ਓ. ਵੱਲੋਂ ਜਾਰੀ ਅੰਕੜਿਆਂ ਮੁਤਾਬਿਕ ਸੰਨ 2001 ਤਕ ਭਾਰਤ ਵਿੱਚ ਲਗਭਗ 2 ਕਰੋੜ ਵਿਅਕਤੀ ਐਚ.ਆਈ.ਵੀ ਤੋਂ ਪ੍ਰਭਾਵਿਤ ਹੋ ਜਾਣਗੇ ਅਤੇ ਲਗਭਗ 6000 ਵਿਅਕਤੀ ਮੌਤ ਦੇ ਮੂੰਹ 'ਚ ਜਾ ਪੈਣਗੇ ਜਿਸ ਕਰਕੇ 3000 ਔਰਤਾਂ ਵਿਧਵਾ ਹੋ ਜਾਣਗੀਆਂ ਅਤੇ 10,000 ਦੇ ਲਗਭਗ ਬੱਚੇ ਯਤੀਮ ਹੋ ਜਾਣਗੇ । ਅੱਜ ਪੂਰੇ ਵਿਸ਼ਵ ਵਿੱਚ 3 ਕਰੋੜ 34 ਲੱਖ ਵਿਅਕਤੀ ਐਚ.ਆਈ.ਵੀ. ਪੀੜਤ



ਹਨ । ਹਰ ਮਿੰਟ ਪਿੱਛੋਂ ਪੂਰੇ ਵਿਸ਼ਵ ਵਿੱਚ 11 ਅਤੇ ਭਾਰਤ ਵਿੱਚ 3 ਵਿਅਕਤੀ ਅਤੇ ਇਕ ਦਿਨ ਵਿੱਚ ਪੂਰੇ ਵਿਸ਼ਵ ਵਿੱਚ 15840 ਅਤੇ ਭਾਰਤ ਵਿੱਚ 7000 ਵਿਕਅਤੀ ਐਚ.ਆਈ.ਵੀ. ਤੋਂ ਪੀੜਿਤ ਹੋ ਰਹੇ ਹਨ । ਆਈ.ਐਚ.ਓ. ਮੁਤਾਬਿਕ ਏਡਜ਼ ਦੇ ਲਗਭਗ 8 ਲੱਖ ਕੇਸ ਭਾਰਤ ਵਿੱਚ ਹਨ ਅਤੇ 90 ਲੱਖ ਤੋਂ ਇਕ ਕਰੋੜ ਤਕ ਐਚ.ਆਈ. ਵੀ. ਪੀੜਿਤ ਹਨ ।

ਏਡਜ਼ ਇਕ ਅਜਿਹੀ ਬਿਮਾਰੀ ਹੈ ਜੋ ਮਨੁੱਖ ਦੇ ਸਰੀਰ ਦੀ ਰੋਗ ਪ੍ਰਤੀਰੋਧਕ ਸ਼ਕਤੀ ਨੂੰ ਖ਼ਤਮ ਕਰ ਦਿੰਦੀ ਹੈ । ਇਹ ਸ਼ਕਤੀ ਸਰੀਰ ਦੀ ਸੁਰੱਖਿਆ ਦਾ ਕੰਮ ਕਰਦੀ ਹੈ ਜਿਸ ਦੇ ਖ਼ਤਮ ਹੋ ਜਾਣ 'ਤੇ ਸਰੀਰ ਕਿਸੇ ਵੀ ਬਿਮਾਰੀ ਦੇ ਹਮਲੇ ਦਾ ਟਾਕਰਾ ਕਰਨ ਦੇ ਯੋਗ ਨਹੀਂ ਰਹਿੰਦਾ । ਜਿਹੜੀ ਬਿਮਾਰੀ ਇਕ ਵਾਰ ਲੱਗ ਜਾਂਦੀ ਹੈ ਉਹ ਠੀਕ ਹੋਣ ਦਾ ਨਾਂ ਨਹੀਂ ਲੈਂਦੀ ।

ਇਸ ਬਿਮਾਰੀ ਦਾ ਕਾਰਨ ਐਚ.ਆਈ.ਵੀ. ਵਿਸ਼ਾਣੂ ਹੈ ਜੋ ਮਨੁੱਖ ਦੇ ਖ਼ੂਨ ਵਿੱਚ ਪਹੁੰਚ ਕੇ ਉਸ ਦੇ ਸਫ਼ੈਦ ਖ਼ੂਨ ਕਾਰਪਲਜ਼ ਨੂੰ ਨਸ਼ਟ ਕਰ ਦਿੰਦੀ ਹੈ ਜੋ ਕਿ ਸਰੀਰ ਦੀ ਸੁਰੱਖਿਆ ਕਰਦੇ ਹਨ ਅਤੇ ਰੋਗੀ ਦਿਨ-ਬ-ਦਿਨ ਕਮਜ਼ੋਰ ਹੁੰਦਾ ਰਹਿੰਦਾ ਹੈ, ਆਖ਼ਿਰ ਭਿਆਨਕ ਮੌਤ ਦੇ ਮੂੰਹ ਵਿੱਚ ਆ ਜਾਂਦਾ ਹੈ ।

ਕਿਹਾ ਜਾਂਦਾ ਹੈ ਕਿ ਐਚ.ਆਈ.ਵੀ. ਵਿਸ਼ਾਣੂ ਸਭ ਤੋਂ ਪਹਿਲਾਂ ਅਫ਼ਰੀਕਾ ਦੇ ਬਾਂਦਰਾਂ ਵਿੱਚ ਪਾਇਆ ਗਿਆ । ਇਸ ਤੋਂ ਬਾਅਦ ਮਨੁੱਖੀ ਸਰੀਰ ਵਿੱਚ ਪ੍ਰਵੇਸ਼ ਕੀਤਾ ਅਤੇ ਹੌਲੀ-ਹੌਲੀ ਇਕ ਦੂਜੇ ਮਨੁੱਖ ਤਕ ਪਹੁੰਚਦਾ ਗਿਆ । ਸੰਨ 1981 ਵਿੱਚ ਏਡਜ਼ ਦੇ ਕੁਝ ਮਰੀਜ਼ਾਂ ਦਾ ਪਤਾ ਲਗਾਇਆ ਗਿਆ । ਭਾਰਤ ਵਿੱਚ ਏਡਜ਼ ਦਾ ਪਹਿਲਾ ਕੇਸ 1986 ਵਿੱਚ ਸਾਹਮਣੇ ਆਇਆ ।

ਏਡਜ਼ ਦੇ ਮੁੱਖ ਤੌਰ 'ਤੇ ਤਿੰਨ ਕਾਰਨ ਹਨ ਜਿਨ੍ਹਾਂ ਰਾਹੀਂ ਇਹ ਬਿਮਾਰੀ ਦੂਸਰੇ ਸਰੀਰ ਤਕ ਪਹੁੰਚਦੀ ਹੈ । ਪਹਿਲਾ ਕਾਰਨ ਕਿਸੇ ਗ਼ੈਰ ਔਰਤ ਜਾਂ ਮਰਦ ਨਾਲ ਸਰੀਰਕ ਸੰਬੰਧ ਕਾਇਮ ਕਰਨਾ । ਜ਼ਿਆਦਾਤਰ ਇਹ ਬਿਮਾਰੀ ਵੇਸਵਾਘਰਾਂ ਤੋਂ ਹੀ ਅੱਗੇ ਫੈਲੀ ਹੈ । ਦੂਜਾ ਕਾਰਨ ਹੈ ਖ਼ੂਨ ਰਾਹੀਂ । ਜਦੋਂ ਇਕ ਏਡਜ਼ ਰੋਗੀ ਦਾ ਖ਼ੂਨ ਕਿਸੇ ਦੂਸਰੇ ਵਿਅਕਤੀ ਨੂੰ ਚੜ੍ਹਾ ਦਿੱਤਾ ਜਾਵੇ ਤਾਂ ਇਹ ਵਿਸ਼ਾਣੂ ਖ਼ੂਨ ਦੇ ਨਾਲ ਹੀ ਦੂਸਰੇ ਖ਼ੂਨ ਵਿੱਚ ਪ੍ਰਵੇਸ਼ ਕਰ ਜਾਂਦੇ ਹਨ । ਗਰਭਵਤੀ ਔਰਤ ਜੇ ਇਸ ਰੋਗ ਦਾ ਸ਼ਿਕਾਰ ਹੋਵੇ ਤਾਂ ਬੱਚੇ ਨੂੰ ਵੀ ਇਹ ਰੋਗ ਲਾਜ਼ਮੀ ਹੀ ਲੱਗ ਜਾਂਦਾ ਹੈ । ਸਰਿੰਜ (ਟੀਕਾ) ਸਾਂਝੇ ਤੌਰ 'ਤੇ ਵਰਤਣ ਨਾਲ ਵੀ ਇਹ ਵਿਸ਼ਾਣੂ ਇਕ ਰੋਗੀ ਦੇ ਸਰੀਰ ਤੋਂ ਦੂਸਰੇ ਸਰੀਰ ਵਿੱਚ ਚਲੇ ਜਾਂਦੇ ਹਨ । ਇਸ ਤੋਂ ਇਲਾਵਾ ਦੂਸ਼ਿਤ ਸੂਈ ਨਾਲ, ਨੱਕ, ਕੰਨ ਵਿੰਨ੍ਹਣ ਨਾਲ ਵੀ ਰੋਗ ਅੱਗੇ ਫੈਲਦਾ ਹੈ । ਜੇਕਰ ਅਸੀਂ ਇਕ ਸਾਂਝੀ ਜਾਂ ਦੂਸ਼ਿਤ ਬਲੇਡ ਜਾਂ ਉਸਤਰੇ ਨਾਲ ਸ਼ੇਵ ਕਰਾਉਂਦੇ ਹਾਂ ਤਾਂ ਵੀ ਇਹ ਰੋਗ ਅਸੀਂ ਸਹੇੜ ਸਕਦੇ ਹਾਂ, ਕਿਉਂਕਿ ਬਲੇਡ ਰਾਹੀਂ ਵਿਸ਼ਾਣੂ ਕਿਸੇ ਜ਼ਖ਼ਮ ਦੁਆਰਾ ਖ਼ੂਨ ਵਿੱਚ ਪ੍ਰਵੇਸ਼ ਹੋ ਜਾਂਦੇ ਹਨ ।

ਐਚ. ਆਈ. ਵੀ. ਵਿਸ਼ਾਣੂ ਸਰੀਰ ਦੇ ਸੁਰੱਖਿਆ ਪ੍ਰਬੰਧ ਨੂੰ ਕਮਜ਼ੋਰ ਕਰਕੇ ਨਸ਼ਟ ਕਰ ਦਿੰਦਾ ਹੈ ਜਿਸ ਨਾਲ ਇਕ ਸਿਹਤਮੰਦ ਵਿਅਕਤੀ ਦੀ ਇਕ ਛੋਟੀ ਤੋਂ ਛੋਟੀ ਬਿਮਾਰੀ ਵੀ ਠੀਕ ਹੋਣ ਵਿੱਚ ਨਹੀਂ ਆਉਂਦੀ ਅਤੇ ਭਿਆਨਕ ਰੂਪ ਧਾਰਨ ਕਰ ਲੈਂਦੀ ਹੈ ।

ਏਡਜ਼ ਦੇ ਕੁਝ ਲੱਛਣ ਹਨ ਜਿਸ ਤੋਂ ਇਸ ਬਿਮਾਰੀ ਬਾਰੇ ਪਤਾ ਲੱਗ ਸਕਦਾ ਹੈ । ਜੇਕਰ ਵਿਅਕਤੀ ਦਾ ਵਜ਼ਨ ਲਗਾਤਾਰ ਘਟਣ ਲੱਗ ਜਾਵੇ, ਦਸਤ ਲੱਗ ਜਾਣ ਜਾਂ ਬੁਖ਼ਾਰ ਹੋ ਜਾਵੇ ਅਤੇ ਇਕ ਮਹੀਨੇ ਜਾਂ ਇਸ ਤੋਂ ਵੱਧ ਸਮੇਂ ਤਕ ਠੀਕ ਨਾ ਹੋਣ ਤਾਂ ਇਹ ਵਿਅਕਤੀ ਏਡਜ਼ ਤੋਂ ਪੀੜਿਤ ਹੋ ਸਕਦਾ ਹੈ । ਇਸ ਤੋਂ ਇਲਾਵਾ ਹੋਰ ਛੋਟੀਆਂ ਛੋਟੀਆਂ



ਬਿਮਾਰੀਆਂ ਵੀ ਲੱਗ ਜਾਂਦੀਆਂ ਜਿਵੇਂ ਚਮੜੀ ਦੀ, ਦਿਮਾਗ ਦੀ, ਤੰਤੂ ਪ੍ਰਣਾਲੀ ਦੇ ਰੋਗ, ਗਲੇ ਵਿਚ ਉੱਲੀ ਆਦਿ ਜਾਂ ਟੀ.ਬੀ. ਵੀ ਏਡਜ਼ ਰੋਗੀ ਨੂੰ ਆਮ ਹੋ ਜਾਂਦੀ ਹੈ । ਗਰਦਨ ਤੇ ਕੱਛਾਂ ਵਿਚ ਗਿਲਟੀਆਂ ਬਣ ਜਾਂਦੀਆਂ ਹਨ । ਸਰੀਰ ਕਮਜ਼ੋਰ ਹੁੰਦਾ ਚਲਾ ਜਾਂਦਾ ਹੈ । ਜੇਕਰ ਇਹ ਅਲਾਮਤਾਂ ਨਜ਼ਰ ਆਉਣ ਤਾਂ ਜਲਦੀ ਹੀ ਏਲੀਜ਼ਾ ਟੈਸਟ ਕਰਵਾਉਣਾ ਚਾਹੀਦਾ ਹੈ ।

ਇਸ ਬਿਮਾਰੀ ਤੋਂ ਬਚਾਅ ਦੇ ਕੁਝ ਨੁਕਤੇ ਹਨ; ਜੇਕਰ ਇਨ੍ਹਾਂ ਉੱਪਰ ਮਜ਼ਬੂਤੀ ਅਤੇ ਪੱਕੇ ਇਰਾਦੇ ਨਾਲ ਪਹਿਰਾ ਦਿੱਤਾ ਜਾਵੇ ਤਾਂ ਇਸ ਰੋਗ ਤੋਂ ਦੂਰ ਰਿਹਾ ਜਾ ਸਕਦਾ ਹੈ । ਰੋਗ ਲੱਗਣ ਉਪਰੰਤ ਇਸ ਦਾ ਕੋਈ ਇਲਾਜ ਨਹੀਂ; ਜੇ ਹੈ ਤਾਂ ਉਹ ਹੈ ਪ੍ਰਹੇਜ਼ । ਜੇਕਰ ਅਸੀਂ ਆਪਣੇ ਆਪ ਉੱਤੇ ਕਾਬੂ ਪਾ ਲਈਏ ਤਾਂ ਇਹ ਬਿਮਾਰੀ ਨੇੜੇ ਵੀ ਨਹੀਂ ਆ ਸਕਦੀ। ਭਾਵੇਂ ਕਾਮ ਮਨੁੱਖ ਦੀ ਜ਼ਰੂਰਤ ਹੈ ਪਰ ਸਰੀਰਕ ਸੰਬੰਧ ਸਿਰਫ਼ ਇਕ ਨਾਲ ਜਾਂ ਵਿਸ਼ਵਾਸਯੋਗ ਵਿਅਕਤੀ ਨਾਲ ਹੀ ਬਣਾਉਣੇ ਚਾਹੀਦੇ ਹਨ । ਵੈਸੇ ਤਾਂ ਗ਼ੈਰ ਔਰਤ ਜਾਂ ਮਰਦ ਨਾਲ ਸੰਭੋਗ ਤੋਂ ਪ੍ਰਹੇਜ਼ ਹੀ ਕੀਤਾ ਜਾਵੇ, ਪਰ ਜੇਕਰ ਸੰਬੰਧ ਰੱਖਣੇ ਵੀ ਹਨ ਤਾਂ ਨਵੇਂ ਨਿਰੋਧ ਦਾ ਪ੍ਰਯੋਗ ਕਰਨਾ ਬਹੁਤ ਜ਼ਰੂਰੀ ਹੈ । ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਚਰਿੱਤਰ ਨੂੰ ਡਿੱਗਣ ਤੋਂ ਬਣਾਈ ਰੱਖਣ, ਆਪਣੇ ਮਨ ਤੋਂ ਗ਼ਲਤ ਖ਼ਿਆਲ ਦੂਰ ਰੱਖਣ ਅਤੇ ਆਪਣੇ ਇਰਾਦੇ ਮਜ਼ਬੂਤ ਰੱਖਣ ਤਾਂ ਹੀ ਤੰਦਰੁਸਤ ਰਹਿ ਸਕਦੇ ਹਨ ।

ਨਸ਼ਿਆਂ ਦੀ ਵਰਤੋਂ ਅੱਜਕੱਲ੍ਹ ਨੌਜਵਾਨਾਂ ਵਿੱਚ ਵਧਣ ਕਾਰਨ ਵੀ ਇਹ ਰੋਗ ਘੇਰ ਲੈਂਦਾ ਹੈ । ਨਸ਼ਿਆਂ ਦੇ ਟੀਕੇ ਲਾਉਣ ਵਾਲੇ ਸਾਂਝੇ ਤੌਰ 'ਤੇ ਇਕ ਹੀ ਸਰਿੰਜ ਵਰਤ ਲੈਂਦੇ ਹਨ ਜਿਸ ਨਾਲ ਐਚ.ਆਈ. ਵੀ. ਵਿਸ਼ਾਣੂ ਇਕ ਤੋਂ ਦੂਸਰੇ ਸਰੀਰ ਵਿੱਚ ਚਲੇ ਜਾਂਦੇ ਹਨ ।

(ਪੰਜਾਬੀ ਟ੍ਰਿਬਿਊਨ 6 ਮਈ, 1999 ਵਿੱਚੋਂ ਧੰਨਵਾਦ ਸਹਿਤ)

# ਏਡਜ਼ ਤੇ ਇਸ ਦੇ ਲੱਛਣ

ਕਰਮਿੰਦਰ ਹੈਦਰੀ

ਏਡਜ਼ ਕੀ ਹੈ ? ਸ਼ਬਦ ਏਡਜ਼ (AIDS) ਐਕੁਆਇਰਡ ਇਮਿਊਨ-ਡੈਫੀਸ਼ੈਂਸੀ ਸਿੰਡਰੋਮ ਦਾ ਸੰਖਿਪਤ ਰੂਪ ਹੈ। ਇਸ ਦਾ ਮਤਲਬ ਹੈ ਸਰੀਰ ਦੇ ਆਪਣੇ ਰੋਗ-ਸੁਰੱਖਿਆ ਪ੍ਰਬੰਧ ਦਾ ਖ਼ਤਮ ਹੋਣ ਲੱਗਣਾ । ਏਡਜ਼ ਦਰਅਸਲ ਇਕ ਰੋਗ ਲੱਛਣ ਸਮੂਹ ਹੈ । ਏਡਜ਼ ਇਕ ਖ਼ਾਸ ਤਰ੍ਹਾਂ ਦੇ ਵਾਇਰਸ ਤੋਂ ਹੁੰਦੀ ਹੈ ਜਿਸ ਨੂੰ ਐਚ.ਆਈ.ਵੀ. (HIV) ਕਿਹਾ ਜਾਂਦਾ ਹੈ, ਜਿਸ ਦਾ ਪੂਰਾ ਰੂਪ ਹੈ ਹਿਊਮਨ ਇਮਊਨੋ ਡੈਫੀਸ਼ੈਂਸੀ ਵਾਇਰਸ । ਮਨੁੱਖੀ ਸਰੀਰ ਵਿੱਚ ਕਈ ਤਰ੍ਹਾਂ ਦੇ ਰੋਗਾਣੂ ਦਾਖ਼ਲ ਹੁੰਦੇ ਰਹਿੰਦੇ ਹਨ ਤੇ ਸਰੀਰ ਨੂੰ ਰੋਗੀ ਬਣਾਉਂਦੇ ਰਹਿੰਦੇ ਹਨ । ਇਹ ਰੋਗਾਣੂ ਪ੍ਰੋਟੋਜ਼ੋਆ, ਫੰਗਿ, ਬੈਕਟੀਰੀਆ ਅਤੇ ਵਾਇਰਸ ਦੇ ਨਾਵਾਂ ਨਾਲ ਵੰਡੇ ਜਾ ਸਕਦੇ ਹਨ । ਮਨੁੱਖ ਦੀਆਂ ਬਹੁਤੀਆਂ ਬਿਮਾਰੀਆਂ ਦਾ ਕਾਰਨ ਵਾਇਰਸ ਹੀ ਹੁੰਦੇ ਹਨ । ਕਈ ਤਰ੍ਹਾਂ ਦੇ ਬੁਖ਼ਾਰ, ਛੋਟੀ ਮਾਤਾ, ਵੱਡੀ ਮਾਤਾ, ਖਸਰਾ, ਹਲਕਾਅ ਤੇ ਜਲਤ੍ਰਾਸ ਰੋਗ ਵਾਇਰਸਾਂ ਕਾਰਨ ਹੀ ਹੁੰਦੇ ਹਨ ।

ਏਡਜ਼ ਦਾ ਐਚ.ਆਈ.ਵੀ. ਵਾਇਰਸ ਮਨੁੱਖ ਦੇ ਰੋਗ ਸੁਰੱਖਿਆ ਪ੍ਰਬੰਧ 'ਤੇ ਹਮਲਾ ਕਰਦਾ ਹੈ, ਜਿਸ ਨੂੰ ਟੀ-4 ਲਿੰਫੋਕਾਈਟ ਜਾਂ ਹੈਲਪਰ ਸੈੱਲ ਕਿਹਾ ਜਾਂਦਾ ਹੈ । ਇਹ ਵਾਇਰਸ ਸੈੱਲ ਵਿੱਚ ਦਾਖ਼ਲ ਹੋ ਕੇ ਜੈਵਿਕ ਤਬਦੀਲੀ ਰਾਹੀਂ ਇਸ ਸੈੱਲ ਨੂੰ ਆਪਣੇ ਵਾਧੇ ਲਈ ਵਰਤਣ ਲੱਗ ਪੈਂਦਾ ਹੈ । ਜਦੋਂ ਸੈੱਲ ਇਸ ਦੀ ਪ੍ਰਤਿਕ੍ਰਿਤ ਬਣਾਉਂਦਾ ਹੋਇਆ ਥੱਕ ਜਾਂਦਾ ਹੈ ਤਾਂ ਇਹ ਸੈੱਲ ਮਰ ਜਾਂਦਾ ਹੈ ਤੇ ਵਾਇਰਸ ਲਹੂ ਵਿੱਚ ਦਾਖ਼ਲ ਹੋ ਕੇ ਕਿਸੇ ਹੋਰ ਟੀ-4 ਲਿੰਫੋਕਾਈਟ ਨੂੰ ਦਬੋਚ ਲੈਂਦਾ ਹੈ । ਇਹ ਕ੍ਰਿਆ ਉਦੋਂ ਤਕ ਚੱਲਦੀ ਰਹਿੰਦੀ ਹੈ ਜਦੋਂ ਤਕ ਕਿ ਪੂਰਾ



ਰੋਗ-ਸੁਰੱਖਿਆ ਪ੍ਰਬੰਧ ਸਿੱਥਲ ਨਹੀਂ ਪੈ ਜਾਂਦਾ ਅਤੇ ਇਸ ਤਰ੍ਹਾਂ ਮਨੁੱਖ ਵਿੱਚ ਏਡਜ਼ ਵਿਕਸਤ ਹੋ ਜਾਂਦੀ ਹੈ । ਇਹ ਵਾਇਰਸ ਕਿਸੇ ਇਕ ਸੈੱਲ ਵਿੱਚ ਹੀ ਸੱਤ ਸਾਲ ਤਕ ਵੀ ਟਿਕਿਆ ਰਹਿ ਸਕਦਾ ਹੈ ਪਰ ਬੱਚੇ ਦੇ ਮਾਮਲੇ ਵਿੱਚ ਇਹ ਕੁਝ ਮਹੀਨੇ ਹੀ ਟਿਕਦਾ ਹੈ । ਏਡਜ਼ ਤੋਂ ਪ੍ਰਭਾਵਤ ਵਿਅਕਤੀ ਆਪਣੇ ਕੰਮ-ਕਾਰ ਵਾਲੀ ਥਾਂ 'ਤੇ ਕਿਸੇ ਲਈ ਕੋਈ ਖ਼ਤਰਾ ਨਹੀਂ ਹੈ ਅਤੇ ਜੇਕਰ ਉਹ ਧਿਆਨ ਨਾਲ ਡਾਕਟਰ ਦੀ ਸਲਾਹ 'ਤੇ ਚੱਲੇ ਤਾਂ ਉਸ ਤੋਂ ਛੂਤ ਕਿਸੇ ਹੋਰ ਨੂੰ ਲੱਗਣ ਦਾ ਵੀ ਕੋਈ ਖ਼ਤਰਾ ਨਹੀਂ ।

ਜਦੋਂ ਸਰੀਰ ਦਾ ਰੋਗ-ਸੁਰੱਖਿਆ ਪ੍ਰਬੰਧ ਕਮਜ਼ੋਰ ਪੈਣ ਲੱਗਦਾ ਹੈ ਤਾਂ ਮਨੁੱਖੀ ਸਰੀਰ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਆ ਘੇਰਦੀਆਂ ਹਨ ਜਿਹੜੀਆਂ ਉਂਞ ਇਸ ਪ੍ਰਬੰਧ ਦੇ ਸਿਹਤਮੰਦ ਹੋਣ ਕਾਰਨ ਸਰੀਰ ਨੂੰ ਨਹੀਂ ਜਕੜ ਸਕਦੀਆਂ । ਮਨੁੱਖੀ ਸਰੀਰ ਵਿੱਚ ਐਚ.ਆਈ.ਵੀ. ਵਾਇਰਸ ਦੇ ਦਾਖ਼ਲ ਹੋਣ ਤੋਂ 15-20 ਦਿਨਾਂ ਬਾਅਦ ਵਿਅਕਤੀ ਨੂੰ ਹਲਕਾ ਜਿਹਾ ਬੁਖ਼ਾਰ ਹੋ ਸਕਦਾ ਹੈ ਤੇ ਉਸ ਦੀਆਂ ਗਲੇ ਦੀਆਂ ਗ੍ਰੰਥੀਆਂ ਵਿੱਚ ਸੋਜ ਆ ਸਕਦੀ ਹੈ ਜਿਸ ਕਰਕੇ ਫਲੂ ਦਾ ਭੁਲੇਖਾ ਵੀ ਪੈ ਸਕਦਾ ਹੈ । ਡੇਢ-ਦੋ ਮਹੀਨੇ ਬਾਅਦ ਸਰੀਰ ਇਸ ਵਾਇਰਸ ਦੇ ਵਿਰੋਧੀ ਰੋਗਨਾਸ਼ਕ ਅੰਸ਼ ਪੈਦਾ ਕਰਨ ਲੱਗ ਪੈਂਦਾ ਹੈ ਜਿਨ੍ਹਾਂ ਨੂੰ ਐਨਜ਼ਾਈਮ-ਲਿੰਕਡ ਇਮਿਊਨੋਸਾਰਬੈਂਟ ਆਸੇ (ਏਲਿਸਾ) ਰਾਹੀਂ ਪਰਖਿਆ ਜਾ ਸਕਦਾ ਹੈ । ਇਸ ਤੋਂ ਬਾਅਦ ਏਲਿਸਾ ਟੈਸਟ ਦੇ ਸਿੱਟੇ ਦੀ ਪੁਸ਼ਟੀ ਵੈਸਟਰਨ ਬਲਾਟ ਅਸੇ ਟੈਸਟ ਰਾਹੀਂ ਕੀਤੀ ਜਾ ਸਕਦੀ ਹੈ ਜਿਹੜਾ ਖ਼ਾਸ ਤੌਰ 'ਤੇ ਐਚ.ਆਈ.ਵੀ. ਦੇ ਵਾਇਰਸ ਦੀ ਸ਼ਨਾਖ਼ਤ ਕਰ ਦਿੰਦਾ ਹੈ । ਏਡਜ਼ ਰੋਗ ਦੇ ਸ਼ੁਰੂ ਹੋਣ ਦੇ ਵੱਖਰੇ-ਵੱਖਰੇ ਸਿਧਾਂਤ ਸਾਇੰਸਦਾਨਾਂ ਵਿੱਚ ਪ੍ਰਚੱਲਤ ਹਨ । ਇਕ ਸਿਧਾਂਤ ਦੀ ਟੇਕ ਇਸ ਗੱਲ 'ਤੇ ਹੈ ਕਿ ਇਹ ਅਫ਼ਰੀਕੀ ਗਰੀਨ ਮੰਕੀ ਦੇ ਕਿਸੇ ਅਫ਼ਰੀਕੀ ਵਿਅਕਤੀ

ਨੂੰ ਕੱਟਣ ਤੋਂ ਬਾਅਦ ਫੈਲਣੀ ਸ਼ੁਰੂ ਹੋਈ, ਪਰ ਇਹ ਸਿਧਾਂਤ ਇਸ ਗੱਲ ਨੂੰ ਦੱਸਣੋ ਅਸਮਰਥ ਹੈ ਕਿ ਇਸ ਵਾਇਰਸ ਨੇ ਅਫ਼ਰੀਕੀ ਗਰੀਨ ਮੰਕੀ ਨੂੰ ਕਿਸ ਤਰ੍ਹਾਂ ਜਕੜਿਆ । ਇਕ ਸਿਧਾਂਤ ਅਨੁਸਾਰ ਇਹ ਵਾਇਰਸ ਉਤਪਤੀ-ਮੂਲਕ ਹੈ ਅਤੇ ਇਸ ਦਾ ਮੁੱਢ ਜੈਵਿਕ ਜੰਗੀ-ਹਥਿਆਰ ਦੇ ਤੌਰ 'ਤੇ ਇਸ ਦੀ ਖੋਜ ਦੇ ਕੁਰਾਹੇ ਪੈ ਜਾਣ ਕਰਕੇ ਹੋਇਆ । ਭਾਵੇਂ ਜਿਵੇਂ ਵੀ ਹੋਵੇ ਇਹ ਅੱਜ ਦੀ ਹਕੀਕਤ ਹੈ ਕਿ ਇਹ ਬਿਮਾਰੀ ਪੈਦਾ ਹੋ ਚੁੱਕੀ ਹੈ ਅਤੇ ਵਿਸ਼ਾਲ ਪੱਧਰ 'ਤੇ ਇਨਸਾਨੀਅਤ ਲਈ ਵੱਡੇ ਸੰਕਟ ਦੇ ਤੌਰ 'ਤੇ ਉੱਭਰ ਰਹੀ ਹੈ । ਭਾਵੇਂ ਕਿ ਇਸ ਦੇ ਮੂਲ ਬਾਰੇ ਕਈ ਸ਼ੰਕੇ ਹੋ ਸਕਦੇ ਹਨ ਪਰ ਇਸ ਦੇ ਇਕ ਮਰੀਜ਼ ਤੋਂ ਦੂਜੇ ਤਕ ਪੁੱਜਣ ਬਾਰੇ ਕਿਸੇ ਤਰ੍ਹਾਂ ਦੀ ਕੋਈ ਸ਼ੰਕਾ ਨਹੀਂ ਹੈ ।

**ਇਹ ਬਿਮਾਰੀ ਫੈਲਦੀ ਕਿਵੇਂ ਹੈ ?** : ਮੰਨਿਆ ਜਾਂਦਾ ਹੈ ਕਿ ਕਈ ਹੋਰ ਲਿੰਗ-ਰੋਗਾਂ ਵਾਂਗ ਹੀ ਏਡਜ਼ ਵੀ ਜਿਨਸੀ-ਸੰਬੰਧਾਂ ਰਾਹੀਂ ਵਧੇਰੇ ਫੈਲਣ ਵਾਲੀ ਬਿਮਾਰੀ ਹੈ । ਇਸ ਵਿੱਚ ਇਕ ਹੀ ਵੱਡਾ ਫ਼ਰਕ ਹੈ ਕਿ ਉਹ ਸਵੈ-ਲਿੰਗੀ ਸੰਭੋਗ ਰਾਹੀਂ ਵਧੇਰੇ ਛੇਤੀ ਫ਼ੈਲਦੀ ਹੈ। ਕਿਸੇ ਮਰੀਜ਼ ਅੰਦਰ ਇਹ ਵਾਇਰਸ ਸਭ ਤੋਂ ਵੱਧ ਉਸ ਦੇ ਲਹੂ ਵਿੱਚ ਹੁੰਦਾ ਹੈ ਅਤੇ ਉਸ ਤੋਂ ਬਾਅਦ ਇਸ ਦੀ ਸਭ ਤੋਂ ਵੱਧ ਮਾਤਰਾ ਉਸ ਮਰੀਜ਼ ਦੇ ਵੀਰਯ ਵਿੱਚ ਹੁੰਦੀ ਹੈ । ਪਰ ਇਸ ਦਾ ਇਹ ਮਤਲਬ ਨਹੀਂ ਕਿ ਇਹ ਹੋਰ ਸਰੀਰਕ ਤਰਲਾਂ ਵਿੱਚ ਨਹੀਂ ਹੁੰਦਾ ਜਿਵੇਂ ਕਿ ਮੂਤਰ, ਲਾਰ, ਮਾਂ ਦੇ ਦੁੱਧ ਜਾਂ ਯੋਨਿਕ ਰਸਾਊ ਵਿੱਚ । ਇਹ ਸਰੀਰ ਦੇ ਸਾਰੇ ਤਰਲਾਂ ਵਿੱਚ ਹੁੰਦਾ ਹੈ, ਪਰ ਇਹ ਵਾਇਰਸ ਮਾਨਵੀ ਸਰੀਰ ਤੋਂ ਬਾਹਰ ਨਿਕਲਣ ਤੋਂ ਬਾਅਦ ਅੱਧੇ ਘੰਟੇ ਦੇ ਅੰਦਰ-ਅੰਦਰ ਮੁਰਦਾ ਹੋ ਜਾਂਦਾ ਹੈ । ਇਹ ੫੬ ਡਿਗਰੀ ਸੈਂਟੀਗ੍ਰੇਟ ਤੋਂ ਵੱਧ ਤਾਪਮਾਨ ਵੀ ਨਹੀਂ ਸਹਿ ਸਕਦਾ ਤੇ ਮੁਰਦਾ ਹੋ ਜਾਂਦਾ ਹੈ । ਇਹ ਮਾਨਵੀ ਜਿਸਮ



ਦੀ ਚਮੜੀ ਨੂੰ ਛੇਦ ਕੇ ਅੰਦਰ ਨਹੀਂ ਜਾ ਸਕਦਾ ਪਰ ਜੇਕਰ ਚਮੜੀ 'ਤੇ ਕੋਈ ਜ਼ਖ਼ਮ ਹੋਵੇ ਜਾਂ ਇਹ ਕਿਤੋਂ ਚੀਰੀ ਹੋਈ ਹੋਵੇ ਤਾਂ ਇਹ ਮਾਨਵੀ ਜਿਸਮ ਦੇ ਅੰਦਰ ਲਹੂ ਵਿੱਚ ਚਮੜੀ ਰਾਹੀਂ ਵੀ ਪ੍ਰਵੇਸ਼ ਕਰ ਸਕਦਾ ਹੈ । ਇਹ ਮੂੰਹ, ਨੱਕ, ਗੁਦਾ, ਮੂਤਰ-ਮਾਰਗ ਰਾਹੀਂ ਵੀ ਪ੍ਰਵੇਸ਼ ਕਰ ਸਕਦਾ ਹੈ ਪਰ ਇਹਨਾਂ ਵਿੱਚ ਕਿਸੇ ਤਰ੍ਹਾਂ ਦਾ ਜ਼ਖ਼ਮ ਹੋਣ ਦੀ ਸੂਰਤ ਵਿੱਚ ਇਹ ਵਾਇਰਸ ਲਹੂ ਵਿੱਚ ਛੇਤੀ ਦਾਖ਼ਲ ਹੋ ਸਕਦਾ ਹੈ । ਇਸ ਵਾਇਰਸ ਦੇ ਸਰੀਰ ਵਿੱਚ ਦਾਖ਼ਲ ਹੋਣ ਦੇ ਕਈ ਰਾਹ ਹਨ ।

**ਰਵਾਇਤੀ ਲਿੰਗ-ਸੰਭੋਗ ਰਾਹੀਂ** : ਇਸ ਗੱਲ ਦੀ ਕਾਫ਼ੀ ਖੋਜ ਕੀਤੀ ਗਈ ਹੈ ਕਿ ਏਡਜ਼ ਦੀ ਬਿਮਾਰੀ ਰਵਾਇਤੀ ਲਿੰਗ-ਸੰਭੋਗ ਰਾਹੀਂ ਫ਼ੈਲਦੀ ਤਾਂ ਹੈ, ਪਰ ਕੀ ਇਹ ਮਰਦ ਤੋਂ ਔਰਤ ਨੂੰ ਵਧੇਰੇ ਆਸਾਨੀ ਨਾਲ ਜਾ ਸਕਦੀ ਹੈ ਜਾਂ ਕਿ ਔਰਤ ਤੋਂ ਮਰਦ ਨੂੰ ? ਇਸ ਖੋਜ ਤੋਂ ਪਤਾ ਲੱਗਾ ਹੈ ਕਿ ਮਰਦ ਤੋਂ ਔਰਤ ਨੂੰ ਇਹ ਬਿਮਾਰੀ ਵਧੇਰੇ ਆਸਾਨੀ ਨਾਲ ਹੋ ਜਾਂਦੀ ਹੈ । ਇਸ ਦਾ ਕਾਰਨ ਇਹੀ ਹੈ ਕਿ ਮਰੀਜ਼ ਵਿਅਕਤੀ ਦਾ ਵੀਰਯ ਔਰਤ ਦੇ ਗੁਪਤ ਅੰਗ ਵਿੱਚ ਜਮ੍ਹਾਂ ਹੋ ਜਾਂਦਾ ਹੈ ਅਤੇ ਵੀਰਯ ਵਿਚ ਲਹੂ ਤੋਂ ਬਾਅਦ ਇਸ ਵਾਇਰਸ ਦੀ ਸਭ ਤੋਂ ਜ਼ਿਆਦਾ ਘਣਤਾ ਹੁੰਦੀ ਹੈ । ਸੰਭੋਗ ਵੇਲੇ ਔਰਤ ਦੇ ਟਿਸ਼ੂ ਵਧੇਰੇ ਜ਼ਖ਼ਮੀ ਹੋਣ ਦੀ ਸੰਭਾਵਨਾ ਵੀ ਰਹਿੰਦੀ ਹੈ । ਇਸ ਲਈ ਇਹ ਵਾਇਰਸ ਵਧੇਰੇ ਆਸਾਨੀ ਨਾਲ ਔਰਤ ਦੇ ਲਹੂ ਵਿੱਚ ਇਨ੍ਹਾਂ ਜ਼ਖ਼ਮਾਂ ਰਾਹੀਂ ਦਾਖ਼ਲ ਹੋ ਸਕਦਾ ਹੈ । ਔਰਤ ਤੋਂ ਇਹ ਬਿਮਾਰੀ ਮਰਦ ਨੂੰ ਹੋਣ ਦੀ ਇਸ ਲਈ ਘੱਟ ਸੰਭਾਵਨਾ ਹੁੰਦੀ ਹੈ ਕਿਉਂਕਿ ਔਰਤ ਦੇ ਯੋਨਿਕ ਰਿਸਾਓ ਵਿੱਚ ਇਸ ਵਾਇਰਸ ਦੀ ਘਣਤਾ ਬੜੀ ਹਲਕੀ ਜਿਹੀ ਹੁੰਦੀ ਹੈ । ਉਸ ਵੇਲੇ ਇਸ ਬਿਮਾਰੀ ਦੇ ਔਰਤ ਤੋਂ ਮਰਦ ਨੂੰ ਲੱਗਣ ਦੀ ਵਧੇਰੇ ਸੰਭਾਵਨਾ ਰਹਿੰਦੀ ਹੈ ਜਦੋਂ ਕਿ ਔਰਤ ਦੇ ਕਿਸੇ ਕਾਰਨ ਕਰਕੇ ਵਧੇਰੇ ਲਹੂ ਵਗਣ ਲੱਗ

ਪਵੇ ਜਾਂ ਉਸ ਨਾਲ ਸੰਭੋਗ ਮਾਸਕ ਧਰਮ ਵੇਲੇ ਕੀਤਾ ਗਿਆ ਹੋਵੇ ।

**ਟੀਕੇ ਰਾਹੀਂ :** ਜਦੋਂ ਇਕੋ ਹੀ ਸੂਈ ਨੂੰ ਕਈ ਵਿਅਕਤੀ ਵਰਤਦੇ ਹਨ ਤਾਂ ਇਹ ਬੜੀ ਜਲਦੀ ਦੂਜੇ ਵਿਅਕਤੀ ਦੇ ਲਹੂ ਵਿੱਚ ਪਹੁੰਚ ਜਾਂਦੀ ਹੈ । ਜੇਕਰ ਮਰੀਜ਼ ਵਿਅਕਤੀ ਦੇ ਵਰਤਣ ਤੋਂ ਬਾਅਦ ਇਹ ਸੂਈ ਰੋਗਾਣੂ-ਨਾਸ਼ਕ ਤਰਲ ਰਾਹੀਂ ਰੋਗਾਣੂ-ਮੁਕਤ ਕੀਤੀ ਗਈ ਹੋਵੇ ਤਾਂ ਇਸ ਦੀ ਦੂਜੇ ਵਿਅਕਤੀ ਤਕ ਫੈਲਣ ਦੀ ਗੁੰਜਾਇਸ਼ ਥੋੜ੍ਹੀ ਥੋੜ੍ਹੀ ਸੀਮਤ ਤਾਂ ਹੋ ਜਾਂਦੀ ਹੈ ਪਰ ਇਸ ਨਾਲ ਇਸ ਜ਼ੋਖ਼ਮ ਤੋਂ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਹੋਇਆ ਜਾ ਸਕਦਾ । ਇਸ ਕਾਰਨ ਹੀ ਨਸ਼ੇ ਦੇ ਟੀਕੇ ਵਰਤਣ ਵਾਲੇ ਵਿਅਕਤੀਆਂ ਨੂੰ ਇਹ ਬਹੁਤ ਜ਼ਿਆਦਾ ਗਿਣਤੀ ਵਿਚ ਲੱਗੀ ਹੋਈ ਪਾਈ ਗਈ ਹੈ ।

**ਖ਼ੂਨ ਚੜ੍ਹਾਉਣ ਰਾਹੀਂ :** ਜਦੋਂ ਪ੍ਰਭਾਵਤ ਮਰੀਜ਼ ਦਾ ਲਹੂ ਕਿਸੇ ਸਵਸਥ ਵਿਅਕਤੀ ਨੂੰ ਦੇ ਦਿੱਤਾ ਜਾਂਦਾ ਹੈ ਤਾਂ ਇਹ ਰੋਗ ਉਸ ਸਵਸਥ ਵਿਅਕਤੀ ਦੇ ਲਹੂ ਵਿੱਚ ਸ਼ਾਮਲ ਹੋ ਜਾਂਦਾ ਹੈ ।

**ਜਣੇਪੇ ਰਾਹੀਂ:** ਬੱਚਿਆਂ ਵਿੱਚ ਇਹ ਬਿਮਾਰੀ 80 ਫੀਸਦੀ ਤਕ ਜਣੇਪੇ ਰਾਹੀਂ ਹੀ ਪਹੁੰਚਦੀ ਹੈ। ਹਾਲਾਂ ਕਿ ਮਾਂ ਦਾ ਪ੍ਰਭਾਵਤ ਲਹੂ ਸਿੱਧਾ ਬੱਚੇ ਵਿੱਚੋਂ ਦੀ ਨਹੀਂ ਗੁਜ਼ਰਦਾ ਪਰ ਹੋਰ ਤਰਲ ਪਦਾਰਥ ਜਿਹਨਾਂ ਦੀ ਬੱਚੇ ਨੂੰ ਲੋੜ ਹੁੰਦੀ ਹੈ ਉਹ ਮਾਂ ਦੇ ਲਹੂ ਵਿੱਚੋਂ ਹੀ ਪੈਦਾ ਹੁੰਦੇ ਹਨ ਅਤੇ ਇਹ ਕੰਮ ਲਗਾਤਾਰ 9 ਮਹੀਨੇ ਤਕ ਜ਼ਾਰੀ ਰਹਿੰਦਾ ਹੈ । ਇਸ ਲਈ ਪ੍ਰਭਾਵਤ ਮਾਂ ਰਾਹੀਂ ਜਿਸ ਬੱਚੇ ਨੂੰ ਜਨਮ ਦਿੱਤਾ ਜਾਂਦਾ ਹੈ ਉਸਦੇ ਪ੍ਰਭਾਵਤ ਹੋਣ ਦਾ ਜੋਖ਼ਮ ਬਹੁਤ ਹੀ ਜ਼ਿਆਦਾ ਹੁੰਦਾ ਹੈ । ਇਹ ਬਿਮਾਰੀ ਬੱਚੇ ਨੂੰ ਪ੍ਰਸੂਤ ਵੇਲੇ ਵੀ ਪ੍ਰਭਾਵਤ ਕਰ ਸਕਦੀ ਹੈ ਅਤੇ ਮਾਂ ਦੇ ਦੁੱਧ ਚੁੰਘਾਉਣ ਤੋਂ ਵੀ ਇਸ ਵਾਇਰਸ ਦੇ ਬੱਚੇ ਵਿੱਚ ਜਾਣ ਨੂੰ ਨਕਾਰਿਆ ਨਹੀਂ ਜਾ ਸਕਦਾ ।



**ਇਸ ਰੋਗ ਦੇ ਲੱਛਣ :** ਟੈਸਟ ਤੋਂ ਬਿਨਾਂ ਇਹ ਪਤਾ ਕਰਨ ਲਈ ਕਿਹੜਾ ਵਿਅਕਤੀ ਇਸ ਵਾਇਰਸ ਤੋਂ ਪ੍ਰਭਾਵਤ ਹੈ, ਇਸ ਦੇ ਲੱਛਣਾਂ ਬਾਰੇ ਵੀ ਕਾਫ਼ੀ ਜਾਣਕਾਰੀ ਦੀ ਲੋੜ ਹੈ । ਰੋਗ ਨਾਲ ਪ੍ਰਭਾਵਤ ਹੋਣ ਤੋਂ ਬਾਅਦ ਇਸ ਦੇ ਲੱਛਣ ਸਾਮ੍ਹਣੇ ਆਉਣ ਵਿੱਚ ਕਾਫ਼ੀ ਸਮਾਂ ਲੱਗ ਜਾਂਦਾ ਹੈ ।

ਇਹ ਸਮਾਂ ਇਸ ਗੱਲ 'ਤੇ ਵੀ ਨਿਰਭਰ ਕਰਦਾ ਹੈ ਕਿ ਰੋਗ ਨਾਲ ਪ੍ਰਭਾਵਤ ਹੋਣ ਵੇਲੇ ਵਿਅਕਤੀ ਦੀ ਸਿਹਤ ਕਿਸ ਤਰ੍ਹਾਂ ਦੀ ਸੀ, ਉਸ ਨੂੰ ਹੋਰ ਕੀ ਬਿਮਾਰੀਆਂ ਸਨ ਆਦਿ । ਇਹ ਸਮਾਂ ਕੁਝ ਮਹੀਨਿਆਂ ਤੋਂ ਲੈ ਕੇ 7 ਸਾਲ ਤਕ ਦਾ ਵੀ ਹੋ ਸਕਦਾ ਹੈ । ਜਦੋਂ ਕੋਈ ਵੀ ਵਿਅਕਤੀ ਏਡਜ਼ ਵਾਇਰਸ ਨਾਲ ਪ੍ਰਭਾਵਤ ਹੋ ਜਾਂਦਾ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਹੋ ਜਾਂਦਾ ਹੈ ਕਿ ਉਸ ਨੂੰ ਬਿਮਾਰੀ ਨੇ ਪੂਰੀ ਤਰ੍ਹਾਂ ਜਕੜ ਹੀ ਲਿਆ ਹੈ । ਕਈਆਂ ਵਿੱਚ ਇਹ ਵਾਇਰਸ ਏਡਜ਼ ਰਿਲੇਟਡ ਕੰਪਲੈਕਸ ਦੀ ਮੱਧਮ ਕਿਸਮ ਹੀ ਪੈਦਾ ਕਰਦਾ ਹੈ, ਜਿਹੜੀ ਕਿ ਏਡਜ਼ ਵਾਂਗ ਖ਼ਤਰਨਾਕ ਨਹੀਂ ਹੁੰਦੀ । ਜਿਸ ਵਿਅਕਤੀ ਨੂੰ ਏਡਜ਼ ਹੋ ਗਈ ਹੋਵੇ, ਉਸ ਨੂੰ ਕੋਈ ਵੀ ਹੋਰ ਬਿਮਾਰੀ ਛੇਤੀ ਲੱਗ ਜਾਂਦੀ ਹੈ । ਇਸ ਲਈ ਏਡਜ਼ ਦੇ ਰੋਗੀ ਦੇ ਲੱਛਣ ਵੀ ਵਿਅਕਤੀ ਤੋਂ ਵਿਅਕਤੀ, ਥਾਂ ਤੋਂ ਥਾਂ ਅਤੇ ਨਸਲ ਤੋਂ ਨਸਲ ਵੱਖਰੇ ਹੁੰਦੇ ਹਨ ; ਪਰ ਕੁਝ ਆਮ ਕਿਸਮ ਦੇ ਲੱਛਣ ਇਸ ਤਰ੍ਹਾਂ ਹਨ :

ੳ) ਭੁੱਖ ਮਰ ਜਾਣੀ ਤੇ ਬਿਨਾਂ ਕਿਸੇ ਕਾਰਨ ਹੀ ਸਰੀਰ ਦਾ ਵਜ਼ਨ ਘਟਣ ਲੱਗ ਪੈਣਾ ।

ਅ) ਤਿੰਨ ਮਹੀਨੇ ਤੋਂ ਵੱਧ ਕਿਸੇ ਵੀ ਥਾਂ 'ਤੇ ਗ੍ਰੰਥੀਆਂ ਦਾ ਸੁੱਜੇ ਰਹਿਣਾ । ਇਸ ਦੇ ਨਾਲ ਹੀ ਗਰਦਨ, ਕੱਛਾਂ ਅਤੇ ਚੱਡਿਆਂ ਵਿੱਚ ਗਿਲਟੀਆਂ ਬਣ ਜਾਣੀਆਂ ਜਿਹੜੀਆਂ ਹੌਲੀ-ਹੌਲੀ ਵਧਦੀਆਂ ਰਹਿਣ । ਇਹਨਾਂ ਵਿੱਚ ਭਾਵੇਂ ਦਰਦ ਹੋਵੇ ਜਾਂ ਨਾ ਪਰ ਇਹ ਏਡਜ਼ ਦਾ ਸਭ ਤੋਂ

ਆਮ ਲੱਛਣ ਹੈ ।

ੲ) ਸਰੀਰ ਬੁਰੀ ਤਰ੍ਹਾਂ ਥੱਕਿਆ ਰਹਿਣਾ ।

ਸ) ਬਿਨਾਂ ਕਿਸੇ ਕਾਰਨ ਮਹੀਨੇ ਤੋਂ ਵੱਧ ਬੁਖ਼ਾਰ ਰਹਿਣਾ ।

ਹ) ਲਗਾਤਾਰ ਸੁੱਕੀ ਖੰਘ ਲੱਗੀ ਰਹਿਣੀ ।

ਕ) ਮੂੰਹ ਵਿੱਚ ਚਿੱਟੇ ਚਕੱਤੇ ਬਣ ਜਾਣੇ । ਇਹ ਚਿੱਟੇ ਚਕੱਤੇ ਜੀਭ, ਬੁੱਲ੍ਹਾਂ ਤੇ ਗੱਲ੍ਹਾਂ ਦੇ ਅੰਦਰ ਵੀ ਹੋ ਸਕਦੇ ਹਨ । ਏਡਜ਼ ਦੇ ਰੋਗੀ ਵਿੱਚ ਪਹਿਲਾਂ ਇਹ ਚਿੱਟੇ ਚਕੱਤੇ ਮੂੰਹ ਵਿੱਚ ਹੁੰਦੇ ਹਨ ਤੇ ਫੇਰ ਵਧ ਕੇ ਭੋਜਨ-ਨਲੀ ਵਿੱਚ ਵੀ ਹੋ ਜਾਂਦੇ ਹਨ ਜਿਸ ਕਰਕੇ ਭੋਜਨ ਨਿਘਾਰਨ ਵੇਲੇ ਪੀੜ ਹੋਣ ਲੱਗ ਪੈਂਦੀ ਹੈ ।

ਖ) ਰਾਤ ਨੂੰ ਮਰੀਜ਼ ਪਸੀਨੇ ਵਿੱਚ ਤਰ ਹੋਇਆ ਜਾਗ ਜਾਂਦਾ ਹੈ । ਇਹਨਾਂ ਲੱਛਣਾਂ ਵਿੱਚੋਂ ਕੋਈ ਵੀ ਲੱਛਣ ਜੇਕਰ ਜਾਣਕਾਰੀ ਵਿੱਚ ਆਉਂਦਾ ਹੈ ਤਾਂ ਇਸ ਦਾ ਸਿੱਧਾ ਮਤਲਬ ਇਹ ਨਹੀਂ ਕਿ ਵਿਅਕਤੀ ਨੂੰ ਏਡਜ਼ ਪੂਰੀ ਤਰ੍ਹਾਂ ਹੋ ਹੀ ਗਈ ਹੈ, ਪਰ ਇਨ੍ਹਾਂ ਲੱਛਣਾਂ ਵਿੱਚੋਂ ਕੋਈ ਵੀ ਲੱਛਣ ਪੈਦਾ ਹੋ ਜਾਣ 'ਤੇ ਏਡਜ਼ ਟੈਸਟ ਜ਼ਰੂਰ ਹੀ ਕਰਵਾ ਲੈਣਾ ਚਾਹੀਦਾ ਹੈ ।

(ਦੇਸ਼ ਸੇਵਕ ਅਖ਼ਬਾਰ 5-2-2000 'ਚੋਂ ਧੰਨਵਾਦ ਸਹਿਤ)



# ਏਡਜ਼ ਅਤੇ ਐਚ. ਆਈ. ਵੀ. ਬਾਰੇ ਕੁਝ ਜ਼ਰੂਰੀ ਗੱਲਾਂ

ਤਰਲੋਚਨ ਸਿੰਘ ਜੱਸ

ਏਡਜ਼ ਬਿਮਾਰੀ ਮਾਨਵ-ਜਾਤੀ ਲਈ ਪੈਦਾ ਹੋਏ ਖ਼ਤਰਿਆਂ ਵਿੱਚੋਂ ਇਕ ਹੈ। ਏਡਜ਼ ਬਾਰੇ ਪੂਰਨ ਜਾਣਕਾਰੀ ਨਾਲ ਹੀ ਇਸ ਤੋਂ ਬਚਿਆ ਜਾ ਸਕਦਾ ਹੈ ਕਿਉਂਕਿ ਇਸ ਦਾ ਕੋਈ ਇਲਾਜ ਨਹੀਂ ਹੈ, ਏਡਜ਼ ਹੋਣ ਤੋਂ ਬਾਅਦ ਮੌਤ ਨਿਸ਼ਚਿਤ ਹੈ ।

**ਏਡਜ਼ ਕਿਵੇਂ ਫ਼ੈਲਦਾ ਹੈ:** 1. ਐਚ.ਆਈ.ਵੀ ਪ੍ਰਭਾਵਿਤ ਖ਼ੂਨ ਚੜ੍ਹਾਉਣ ਨਾਲ । 2. ਏਡਜ਼ ਦੇ ਰੋਗਾਣੂ ਐਚ. ਆਈ.ਵੀ. ਤੋਂ ਪ੍ਰਭਾਵਿਤ ਮਾਤਾ ਦੇ ਗਰਭ 'ਚੋਂ ਪੈਦਾ ਹੋਣ ਵਾਲੇ ਬੱਚੇ ਨੂੰ ਜਨਮ ਤੋਂ ਪਹਿਲਾਂ ਤਤਕਾਲ ਜਾਂ ਬਾਅਦ ਵਿੱਚ ਮਾਂ ਦੇ ਦੁੱਧ ਰਾਹੀਂ । 3. ਬਣਾਉਟੀ ਗਰਭ ਧਾਰਨ ਕਰਨ ਵੇਲੇ ਏਡਜ਼ ਦੇ ਵਾਇਰਸ ਤੋਂ ਪ੍ਰਭਾਵਿਤ ਬਿਨਾਂ ਜਾਂਚ ਕੀਤੇ ਵੀਰਯ ਨਾਲ । 4. ਬਿਨਾਂ ਉਬਾਲੀ ਗੰਦੀ ਸਰਿੰਜ ਨਾਲ ਟੀਕਾ ਲਾਉਣ ਨਾਲ । 5. ਜੀਵਨ ਸਾਥੀ ਤੋਂ ਇਲਾਵਾ ਏਡਜ਼ ਨਾਲ ਪ੍ਰਭਾਵਿਤ ਅਨਜਾਣ ਵਿਅਕਤੀ ਨਾਲ ਸੰਭੋਗ ਕਰਨ ਨਾਲ । 6. ਏਡਜ਼ ਦਾ ਵਾਇਰਸ (ਰੋਗਾਣੂ) ਸਭ ਵਿਅਕਤੀਆਂ ਦੇ ਸਰੀਰ ਵਿੱਚ ਨਹੀਂ ਹੁੰਦਾ ਪਰ ਜੋ ਸਾਵਧਾਨੀ ਨਾ ਰੱਖਣ ਕਾਰਨ ਇਸ ਤੋਂ ਪ੍ਰਭਾਵਿਤ ਹੋ ਚੁੱਕੇ ਹਨ, ਉਨ੍ਹਾਂ ਵਿੱਚ ਜ਼ਰੂਰ ਹੁੰਦਾ ਹੈ, ਜਾਂਚ ਜ਼ਰੂਰੀ ਹੈ ।

ਜੇ ਥਕਾਵਟ ਰਹੇ, ਬਹੁਤ ਘੱਟ ਸਮੇਂ ਵਿੱਚ ਅਚਾਨਕ ਭਾਰ ਘਟ ਜਾਵੇ, ਦਸਤ ਨਾ ਹਟਣ, ਬੁਖ਼ਾਰ, ਖਾਂਸੀ ਨਾ ਹਟੇ, ਰਾਤ ਨੂੰ ਪਸੀਨਾ ਆਉਂਦਾ ਰਹੇ, ਲਸੀਕਾ ਗ੍ਰੰਥੀ ਵਧ ਜਾਵੇ । ਗੁਪਤ ਅੰਗਾਂ ਲਾਗੇ ਲਾਲ ਨਿਸ਼ਾਨ ਫੋੜੇ, ਜਲਨ, ਖੁਜਲੀ ਨਾ ਜਾਵੇ ਤਾਂ ਜਾਂਚ ਕਰਾਉਣੀ ਜ਼ਰੂਰੀ ਹੋ ਜਾਂਦੀ ਹੈ ਕਿ ਕਿਤੇ ਵਿਅਕਤੀ ਨੂੰ ਜਾਣੇ ਅਣਜਾਣੇ ਏਡਜ਼ ਦਾ ਵਾਇਰਸ

ਮਿਲ ਕੇ ਏਡਜ਼ ਤਾਂ ਨਹੀਂ ਹੋ ਗਈ ।

ਏਡਜ਼ ਦਾ ਰੋਗਾਣੂ ਰੋਗ ਨਾਲ ਲੜਨ ਦੀ ਸਮਰੱਥਾ ਸਮਾਪਤ ਕਰ ਦਿੰਦਾ ਹੈ ਤੇ ਆਦਮੀ ਇਕ ਆਮ ਜਿਹੀ ਬਿਮਾਰੀ ਨਾਲ ਹੀ ਚੱਲ ਵਸਦਾ ਹੈ ।

**ਏਡਜ਼ ਫੈਲਾਉਣ ਵਾਲਾ ਵਾਇਰਸ ਸਰੀਰ ਵਿੱਚ ਕਿੱਥੇ ਰਹਿੰਦਾ ਹੈ :**
ਏਡਜ਼ ਦਾ ਵਾਇਰਸ (ਰੋਗਾਣੂ) ਸਰੀਰ ਅੰਦਰਲੇ ਤਰਲ ਪਦਾਰਥਾਂ ਵਿੱਚ ਹੀ ਰਹਿੰਦਾ ਹੈ । ਜਿਵੇਂ :-

***ਖ਼ੂਨ**: ਇਸੇ ਲਈ ਖ਼ੂਨ ਦੀ ਜਾਂਚ ਜ਼ਰੂਰੀ ਹੈ ਕਿ ਕਿਤੇ ਇਸ ਵਿੱਚ ਐਚ.ਆਈ.ਵੀ. ਰੋਗਾਣੂ ਤਾਂ ਨਹੀਂ ।

***ਵੀਰਯ**: ਮਰਦ ਦੇ ਵੀਰਯ ਵਿੱਚ ਇਹ ਜ਼ਿੰਦਾ ਰਹਿੰਦਾ ਹੈ ਅਤੇ ਸੰਭੋਗ ਨਾਲ ਮਰਦ ਤੋਂ ਔਰਤ ਕੋਲ ਪਹੁੰਚ ਕੇ ਉਸਨੂੰ ਏਡਜ਼ ਕਰਦਾ ਹੈ ।

***ਗੁਪਤ ਅੰਗ**: ਔਰਤ ਦੇ ਗੁਪਤ ਅੰਗਾਂ ਵਿਚਲੇ ਤਰਲ ਪਦਾਰਥਾਂ ਵਿੱਚ ਵੀ ਰੋਗਾਣੂ ਹੁੰਦਾ ਹੈ ਤੇ ਔਰਤ ਤੋਂ ਮਰਦ ਨੂੰ ਮਿਲਦਾ ਹੈ ਤਾਂ ਏਡਜ਼ ਹੋ ਸਕਦੀ ਹੈ ।

***ਥੁੱਕ**: ਖੋਜਾਂ ਕਹਿੰਦੀਆਂ ਹਨ ਕਿ ਥੁੱਕ ਵਿੱਚ ਰੋਗਾਣੂ ਹੋਣ ਦੀ ਸੰਭਾਵਨਾ ਬਹੁਤ ਹੀ ਘੱਟ ਹੈ ?

**ਏਡਜ਼ ਟੈਸਟਾਂ ਦੇ ਨਾਂ:**

ਏਲੀਸਾ

ਪੀ. ਏ. ਈ.

ਵੈਸਟਰਨ ਬਲਾਟ ਵਗੈਰਾ

**ਏਡਜ਼ ਤੋਂ ਬਚਾਅ ਲਈ ਕੀ ਕੀਤਾ ਜਾਵੇ:**

1. ਜੇ ਅਨਜਾਣ ਵਿਅਕਤੀ ਨਾਲ ਸੰਭੋਗ ਕਰਨਾ ਬਹੁਤ ਹੀ ਜ਼ਰੂਰੀ ਹੋ ਜਾਵੇ ਤਾਂ ਕੰਡੋਮ (ਨਿਰੋਧ) ਦੀ ਵਰਤੋਂ ਕਰਨਾ ਨਾ ਭੁੱਲੋ, ਤਾਂ



ਕਿ ਏਡਜ਼ ਪੀੜਿਤ ਅਣਜਾਣ ਵਿਅਕਤੀ ਤੇ ਤਰਲ ਪਦਾਰਥਾਂ ਨਾਲ ਸਿੱਧਾ ਸੰਪਰਕ ਕਾਇਮ ਨਾ ਹੋਵੇ ।

2. ਕਿਸੇ ਅਨਜਾਣ ਵਿਅਕਤੀ ਨਾਲ ਸਰੀਰਕ ਸੰਬੰਧ ਨਾ ਬਣਾਏ ਜਾਣ ਅਰਥਾਤ ਸੰਭੋਗ ਨਾ ਕੀਤਾ ਜਾਵੇ; ਹੋ ਸਕਦਾ ਹੈ ਕਿ ਉਸ ਨੂੰ ਪਹਿਲਾਂ ਤੋਂ ਏਡਜ਼ ਹੋਈ ਹੋਵੇ ਤੇ ਅਸੀਂ ਵੀ ਗ਼ਲਤੀ ਕਰਕੇ ਏਡਜ਼ ਦੇ ਕਾਬੂ ਆ ਜਾਈਏ ।

3. ਮਰਦ ਮਰਦ ਨਾਲ ਤੇ ਔਰਤ ਔਰਤ ਨਾਲ ਸੰਭੋਗ ਨਾ ਕਰੇ, ਸਮਲਿੰਗੀ ਸੰਬੰਧ ਵੀ ਇਸ ਬਿਮਾਰੀ ਨੂੰ ਸੱਦਾ ਦਿੰਦੇ ਹਨ ।

4. ਜੇ ਮਾਂ ਨੂੰ ਏਡਜ਼ ਹੋ ਗਈ ਹੋਵੇ ਤਾਂ ਉਹ ਬੱਚੇ ਨੂੰ ਜਨਮ ਨਾ ਦੇਵੇ ਕਿਉਂਕਿ ਅਜਿਹੀ ਮਾਂ ਦੇ ਗਰਭ 'ਚ ਹੋਣ ਵਾਲਾ ਬੱਚਾ ਵੀ ਏਡਜ਼ ਦਾ ਰੋਗੀ ਹੁੰਦਾ ਹੈ ।

5. ਜੇ ਕਿਸੇ ਵਿਅਕਤੀ ਨੂੰ ਜਾਣੇ ਅਣਜਾਣੇ ਏਡਜ਼ ਹੋ ਜਾਵੇ ਜਾਂ ਉਹ ਏਡਜ਼ ਦੇ ਰੋਗਾਣੂ ਤੋਂ ਪ੍ਰਭਾਵਿਤ ਹੋ ਜਾਵੇ ਤਾਂ ਉਸ ਦੀ ਨੈਤਿਕ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਜੀਵਨ-ਸਾਥੀ ਨਾਲ ਵੀ ਸੰਭੋਗ ਨਾ ਕਰੇ, ਕਿਸੇ ਨੂੰ ਖ਼ੂਨ ਦਾਨ ਨਾ ਕਰੇ ।

6. ਖ਼ੂਨ ਲੈਣ ਜਾਂ ਦੇਣ ਦੀ ਲੋੜ ਹੋਵੇ ਤਾਂ ਖ਼ੂਨ ਦੀ ਜਾਂਚ ਜ਼ਰੂਰੀ ਹੈ । ਖ਼ੂਨ ਰਾਹੀਂ ਵੀ ਏਡਜ਼ ਦਾ ਰੋਗਾਣੂ ਇਕ ਤੋਂ ਦੂਜੇ ਵਿਅਕਤੀ ਕੋਲ ਜਾਂਦਾ ਹੈ । ਕੀ ਪਤਾ ਕਿਸੇ ਦੇ ਖ਼ੂਨ ਵਿੱਚ ਇਹ ਰੋਗਾਣੂ ਹੋਵੇ ।

7. ਨਾਈ ਕੋਲ ਜਾ ਕੇ ਹਜ਼ਾਮਤ ਤੇ ਸ਼ੇਵ ਬਣਾਉਣ ਵੇਲੇ ਹਰ ਵਾਰ ਨਵਾਂ ਬਲੇਡ ਇਸਤੇਮਾਲ ਕੀਤਾ ਜਾਵੇ, ਹੋ ਸਕਦਾ ਹੈ ਕਿਸੇ ਗ੍ਰਾਹਕ ਨੂੰ ਏਡਜ਼ ਹੋਵੇ ਅਤੇ ਉਸ 'ਤੇ ਇਸਤੇਮਾਲ ਬਲੇਡ ਉੱਤੇ ਉਸ ਦੇ ਸਰੀਰ 'ਤੇ ਹੋਏ ਕਿਸੇ ਫੋੜੇ, ਫਿੰਸੀ ਜਾਂ ਕੱਟ ਲੱਗਣ ਕਰਕੇ ਖ਼ੂਨ ਰਾਹੀਂ ਏਡਜ਼ ਦਾ ਰੋਗਾਣੂ ਆ ਗਿਆ ਹੋਵੇ ਤੇ ਦੂਜੇ 'ਤੇ ਇਸਤੇਮਾਲ ਕਰਨ ਨਾਲ ਉਸ

ਕੋਲ ਪਹੁੰਚ ਕੇ ਏਡਜ਼ ਕਰ ਦੇਵੇ ।

8. ਟੀਕਾ ਲਾਉਣ ਵੇਲੇ ਨਵੀਂ (ਡਿਸਪੋਜ਼ਲ) ਜਾਂ ਉਬਾਲੀ ਹੋਈ ਸੂਈ ਦੀ ਹੀ ਵਰਤੋਂ ਕੀਤੀ ਜਾਵੇ ।

ਗੰਦੀ ਸੂਈ ਇਕ ਦੇ ਖ਼ੂਨ ਵਿੱਚੋਂ ਲਿਆਂਦਾ ਰੋਗਾਣੂ ਦੂਜੇ ਨੂੰ ਦੇ ਸਕਦੀ ਹੈ ।

**ਏਡਜ਼ ਇੰਵ ਨਹੀਂ ਫੈਲਦਾ:**

1. ਚੁੰਮਣ ਨਾਲ ।
2. ਹੱਥ ਮਿਲਾਉਣ ਨਾਲ, ਗਲਵੱਕੜੀ ਪਾਉਣ ਨਾਲ ।
3. ਚਾਦਰ, ਰਜਾਈ ਜਾਂ ਤੌਲੀਏ ਨਾਲ ।
4. ਏਡਜ਼ ਰੋਗੀ ਦੀ ਸੇਵਾ ਕਰਨ ਨਾਲ ।

(ਰੋਜ਼ਾਨਾ ਅਕਾਲੀ ਪੱਤ੍ਰਿਕਾ ਜਲੰਧਰ 16-4-2000 'ਚੋਂ ਧੰਨਵਾਦ ਸਹਿਤ)



## ਏਡਜ਼ ਤੋਂ ਕਿਵੇਂ ਬਚਿਆ ਜਾਵੇ ?

ਏਡਜ਼ ਇਕ ਭਿਆਨਕ ਰੋਗ ਹੈ ਅਤੇ ਹਾਲੇ ਤੀਕ ਇਸ ਦਾ ਕੋਈ ਇਲਾਜ ਨਹੀਂ ਮਿਲਿਆ । ਏਸੇ ਲਈ ਇਸ ਬਾਰੇ ਕਈ ਗ਼ਲਤ-ਫ਼ਹਿਮੀਆਂ ਪਾਈਆਂ ਜਾਂਦੀਆਂ ਹਨ । ਇਸ ਤੋਂ ਆਪਣੇ ਆਪ ਨੂੰ ਬਚਾਉਣਾ ਕੋਈ ਮੁਸ਼ਕਿਲ ਨਹੀਂ, ਪਰ ਇਸ ਲਈ ਕੁਝ ਖ਼ਾਸ ਗੱਲਾਂ ਦਾ ਜਾਣਨਾ ਜ਼ਰੂਰੀ ਹੈ ।

### ਏਡਜ਼ ਕੀ ਹੈ ?

ਏਡਜ਼ ਅੰਗਰੇਜ਼ੀ ਦੇ ਐਕਵਾਇਰਡ ਇਮਊਨੋ-ਡੇਫੀਸ਼ੈਂਸੀ ਸਿੰਡਰੋਮ ਦਾ ਸੰਖੇਪ ਰੂਪ ਹੈ । ਇਹ ਇਕ ਵਾਇਰਸ (ਵਿਸ਼ਾਣੂ) ਤੋਂ ਸ਼ੁਰੂ ਹੁੰਦਾ ਹੈ ਜਿਹੜਾ ਸਰੀਰ ਦੀਆਂ ਬਿਮਾਰੀਆਂ ਦਾ ਮੁਕਾਬਲਾ ਕਰਨ ਵਾਲੀ ਪ੍ਰਕਿਰਿਆ ਨੂੰ ਨਸ਼ਟ ਕਰ ਦਿੰਦਾ ਹੈ ।

### ਇਹ ਕਿਵੇਂ ਫੈਲਦਾ ਹੈ ?

ਕਿਸੇ ਵਿਅਕਤੀ ਨੂੰ ਏਡਜ਼ ਵਾਇਰਸ ਲੱਗ ਜਾਣ ਦਾ ਇਕੋ ਇਕ ਸੰਭਾਵਿਤ ਤਰੀਕਾ ਹੈ ਉਸ ਵਿਅਕਤੀ ਦੇ ਅੰਦਰ ਕਿਸੇ ਪ੍ਰਭਾਵਿਤ ਵਿਅਕਤੀ ਦਾ ਖ਼ੂਨ ਜਾਂ ਵੀਰਯ ਦਾ ਚਲੇ ਜਾਣਾ ।

ਬਹੁਤ ਸਾਰੇ ਲੋਕਾਂ ਨੂੰ ਇਹ ਰੋਗ ਕਿਸੇ ਪ੍ਰਭਾਵਿਤ ਵਿਅਕਤੀ ਨਾਲ ਲਿੰਗ ਸੰਪਰਕ ਰੱਖਣ ਨਾਲ ਹੁੰਦਾ ਹੈ । ਹੋਰਨਾਂ ਨੂੰ ਇਹ ਰੋਗ ਤਾਂ ਲੱਗ ਸਕਦਾ ਹੈ ਜੇ ਉਹ ਕਿਸੇ ਪ੍ਰਭਾਵਿਤ ਵਿਅਕਤੀ ਵੱਲੋਂ ਇਸਤੇਮਾਲ ਕੀਤੇ ਟੀਕੇ ਦੀ ਸੂਈ ਆਪਣੇ ਉੱਪਰ ਇਸਤੇਮਾਲ ਕਰ ਲੈਣ, ਜਿਵੇਂ ਕਿ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਕਰਨ ਵਾਲੇ ਵਿਅਕਤੀਆਂ ਵੱਲੋਂ ਇਸਤੇਮਾਲ ਕੀਤੀ ਸੂਈ । ਵੇਖਣ ਵਿਚ ਆਇਆ ਹੈ ਕਿ ਕਿਸੇ ਪ੍ਰਭਾਵਿਤ ਵਿਅਕਤੀ ਤੋਂ ਖ਼ੂਨ ਦਾ ਲਿਆ ਜਾਣਾ ਇਸ ਰੋਗ ਦੇ ਫੈਲਣ ਦਾ ਕੋਈ ਵੱਡਾ ਕਾਰਨ ਨਹੀਂ । ਇਹ ਜ਼ਰੂਰੀ ਨਹੀਂ ਕਿ ਜਿਸ ਨੂੰ ਵਾਇਰਸ

ਹੈ ਉਸ ਨੂੰ ਏਡਜ਼ ਆਵੱਸ਼ ਹੋਵੇ । ਅਸਲ ਵਿੱਚ ਵਧੇਰੇ ਅਜਿਹੇ ਲੋਕਾਂ ਨੂੰ ਇਹ ਰੋਗ ਨਹੀਂ ਹੁੰਦਾ ; ਪਰ ਜੇ ਕਿਸੇ ਵਿਅਕਤੀ ਨੂੰ ਵਾਇਰਸ ਹੈ ਅਤੇ ਉਹ ਦੇਖਣ ਵਿੱਚ ਤੰਦਰੁਸਤ ਲੱਗਦਾ ਹੈ ਤਾਂ ਉਹ ਇਸ ਨੂੰ ਦੂਜੇ ਤਕ ਪਹੁੰਚਾ ਵੀ ਸਕਦਾ ਹੈ ।

## ਤੁਹਾਨੂੰ ਹੇਠ ਲਿਖੀਆਂ ਗੱਲਾਂ ਤੋਂ ਏਡਜ਼ ਨਹੀਂ ਹੁੰਦਾ ।

ਸਾਧਾਰਨ ਸਮਾਜਿਕ ਸੰਪਰਕ ਜਿਵੇਂ ਹੱਥ ਮਿਲਾਣ, ਛੂਹਣ ਅਤੇ ਗਲਵਕੜੀ ਪਾਣ ਨਾਲ ।

*ਤੈਰਾਕੀ ਵਾਲੀਆਂ ਥਾਵਾਂ, ਹੋਟਲਾਂ ਅਤੇ ਹਰ ਜਨ-ਸਾਧਾਰਣ ਸਥਾਨ 'ਤੇ ਜਾਣ ਨਾਲ ।

*ਖਾਂਸੀ, ਨਿੱਛ ਅਤੇ ਥੁੱਕਣ ਤੋਂ ।

*ਕੱਪੜਿਆਂ ਤੋਂ ।

*ਟੱਟੀਆਂ ਦੀਆਂ ਸੀਟਾਂ, ਦਰਵਾਜ਼ੇ ਦੀਆਂ ਮੁੱਠੀਆਂ, ਭੋਜਨ, ਗਿਲਾਸ ਤੇ ਕੱਪਾਂ ਆਦਿ ਤੋਂ ।

*ਖ਼ੂਨ ਦਾਨ ਕਰਨ ਨਾਲ ।

*ਆਪਣੇ ਡਾਕਟਰ, ਦੰਦ ਸਾਜ਼ ਜਾਂ ਕਿਸੇ ਹੋਰ ਸਿਹਤ ਅਧਿਕਾਰੀ ਤੋਂ ਟੀਕਾ ਲਗਾਉਣ ਜਾਂ ਇਲਾਜ ਕਰਵਾਉਣ 'ਤੇ ।

## ਕਿਸ ਗੱਲੋਂ ਪਰਹੇਜ਼ ਕੀਤਾ ਜਾਵੇ ?

*ਕਿਸੇ ਅਨਜਾਣ ਵਿਅਕਤੀ ਨਾਲ ਜਿਨਸੀ ਸੰਪਰਕ ਨਾ ਰੱਖੋ, ਇਹ ਹਮੇਸ਼ਾਂ ਖ਼ਤਰਨਾਕ ਸਾਬਤ ਹੋ ਸਕਦਾ ਹੈ । ਹੋ ਸਕਦਾ ਹੈ ਕਿ ਤੁਹਾਨੂੰ ਨਾ ਪਤਾ ਹੋਵੇ ਕਿ ਅਣਜਾਣ ਵਿਅਕਤੀ ਨੂੰ ਇਹ ਰੋਗ ਲੱਗਿਆ ਹੋਇਆ ਹੈ ।

*ਏਡਜ਼ ਦੇ ਰੋਗੀ ਦਾ ਖ਼ੂਨ ਕਿਸੇ ਨੂੰ ਲਗਾਉਣ ਨਾਲ ।



*ਬਿਨਾਂ ਉਬਾਲੀਆਂ ਸੂਈਆਂ ਦੇ ਪ੍ਰਯੋਗ ਨਾਲ ।

*ਜਿੰਨਾ ਵਧੇਰੇ ਅਨਜਾਣ ਵਿਅਕਤੀਆਂ ਨਾਲ ਜਿਨਸੀ ਸੰਬੰਧ ਰੱਖਿਆ ਜਾਵੇਗਾ ਓਨਾ ਹੀ ਇਹ ਰੋਗ ਲੱਗਣ ਦਾ ਵਧੇਰੇ ਡਰ ਹੈ ।

*ਨਸ਼ੀਲੀਆਂ ਦਵਾਈਆਂ ਲੈਣ ਵਾਲੇ ਵਿਅਕਤੀਆਂ ਵੱਲੋਂ ਇਸਤੇਮਾਲ ਸੂਈਆਂ ਦਾ ਪ੍ਰਯੋਗ ਕਰਨਾ ।

ਚੇਤੇ ਰੱਖੋ ! ਏਡਜ਼ ਇਕ ਅਜਿਹਾ ਰੋਗ ਨਹੀਂ ਹੈ ਜਿਸ ਵੱਲੋਂ ਲਾਪਰਵਾਹੀ ਕੀਤੀ ਜਾ ਸਕੇ । ਇਸ ਦਾ ਕੋਈ ਇਲਾਜ ਨਹੀਂ । ਏਡਜ਼ ਤੋਂ ਬਚਣ ਦਾ ਇਕੋ ਇਕ ਤਰੀਕਾ ਇਹੀ ਹੈ ਕਿ ਅਸੀਂ ਕਿੰਨੀ ਸਮਝਦਾਰੀ ਤੋਂ ਕੰਮ ਲੈਂਦੇ ਹਾਂ ।

*ਤੁਸੀਂ ਏਡਜ਼ ਦਾ ਇਲਾਜ ਨਹੀਂ ਕਰ ਸਕਦੇ ਪਰ ਤੁਸੀਂ ਇਸ ਤੋਂ ਅਵੱਸ਼ ਬਚ ਸਕਦੇ ਹੋ ।

## ਦੇਸ਼ ਨੂੰ ਪਿਆਰ ਕਰਨ ਵਾਲੇ ਬੰਦੇ
ਦੇ ਦੋ ਵੱਡੇ ਕਰਤੱਵ

ਓੜਕ ਨੂੰ, ਉਹ (ਦੇਸ਼ ਭਗਤ) ਬੜੇ ਉਤਸ਼ਾਹ ਨਾਲ ਆਪਣੇ ਦੇਸ਼ ਵਾਸੀਆਂ ਦੀ ਵਾਕਫ਼ੀਅਤ ਨੂੰ ਵਧਾਉਣ ਤੇ ਉਨ੍ਹਾਂ ਦੀਆਂ ਸਦਾਚਾਰ ਦੀਆਂ ਆਦਤਾਂ ਨੂੰ ਅੱਗੇ ਨਾਲੋਂ ਚੰਗੀਆਂ ਬਣਾਉਣ ਵਿੱਚ ਆਪਣਾ ਪੂਰਾ ਤਾਣ ਲਾਵੇ, ਇਹ ਦੋਵੇਂ ਗੱਲਾਂ ਅਜਿਹੀਆਂ ਹਨ ਜਿਨ੍ਹਾਂ ਉੱਤੇ ਅਮਲ ਕਰਕੇ ਦੇਸ਼ ਦਾ ਹਰ ਇਮਾਨਦਾਰ ਬੰਦਾ ਭਾਵੇਂ ਉਹ ਕਿਸੇ ਵੀ ਦਰਜੇ ਦਾ ਹੋਵੇ, ਆਪਣੇ ਦੇਸ਼ ਨੂੰ ਸਦਾ ਕਾਇਮ ਰਹਿਣ ਵਾਲਾ ਲਾਭ ਪਹੁੰਚਾ ਸਕਦਾ ਹੈ ।
ਜੇ. ਐਮ. ਸਾਈਮ ਦੀ ਅੰਗਰੇਜ਼ੀ ਪੁਸਤਕ-'Man and His Duties' ਵਿਚੋਂ

TWO MOST IMPORTANT DUTIES
OF A LOVER OF HIS COUNTRY

Finally, He may zealously exert himself in increasing the knowledge, and improving the moral habits of the people—two of the most important means by which a conscientious man, in any rank of life, may aid in conferring a high and lasting benefit on his country. And all this will he do if his patriotism be of the right kind.

Book-'Man and His Duties: by J.M.Sime M.A.L.L.D., Chapter 'Love of country'.



## ਏਡਸ

ਇਹ ਜੋ ਏਡਜ਼ ਬੁਰੀ ਬੀਮਾਰੀ
ਜਿਸ ਤੋਂ ਡਰਦੀ ਦੁਨੀਆਂ ਸਾਰੀ
ਸੁਣ ਲਉ ਕੰਨ ਖੋਲ੍ਹ ਨਰ ਨਾਰੀ
ਇਸ ਤੋਂ ਬਚ ਕੇ ਰਹਿਣਾ ਏਂ
ਜੇ ਕਰ ਚਿੰਬੜ ਗਿਆ ਇਕ ਵਾਰੀ
ਫਿਰ ਮੁੜਕੇ ਨਾ ਲਹਿਣਾ ਏਂ।

ਦੇਣਾ ਖ਼ੂਨ ਪਵੇ ਜਾਂ ਲੈਣਾ
ਉੱਥੇ ਡਾਕਟਰ ਜੀ ਨੂੰ ਕਹਿਣਾ
ਸੂਈ ਨਵੀਂ ਵਰਤਦੇ ਰਹਿਣਾ
ਜੇਕਰ ਸਾਂਝੀਆਂ ਲਾ ਲਈਆਂ
ਏਡਜ਼ ਵਾਲੇ ਘਰ ਵਿੱਚ ਵੀ
ਫਿਰ ਸਾਂਝਾਂ ਪਾ ਲਈਆਂ ।

ਜਿਸ ਨੂੰ ਰੋਗ ਇਹ ਲੱਗ ਜਾਂਦਾ
ਉਹ ਨਾ ਹੱਥ ਕੰਮ ਨੂੰ ਪਾਂਦਾ
ਆਪਣੇ ਕੀਤੇ 'ਤੇ ਪਛਤਾਂਦਾ
ਅੱਗਿਉਂ ਮੌਤ ਡਰਾਉਂਦੀ ਐ
ਰੋਜ਼ ਰੋਜ਼ ਨਿਘਰਦੀ ਜਾਂਦੀ
ਫਿਰ ਜ਼ਿੰਦ ਤਰਲੇ ਪਾਉਂਦੀ ਐ ।

ਏਡਜ਼ ਨਾਲ ਨਹੀਂ ਜੇ ਮਰਨਾ
ਮਲਟੀਪਲ ਸੈਕਸ ਨਾ ਕਰਨਾ
ਖ਼ਾਲੀ ਲੈਕਚਰ ਨਾਲ ਨਹੀਂ ਸਰਨਾ

ਜੇ ਲੱਗ ਗਿਆ ਰੋਗ ਸਰੀਰ ਨੂੰ
ਫਿਰ ਪਛਤਾਇਆਂ ਕੁਝ ਨਹੀਂ ਬਣਨਾ
ਆਉਣੀ ਮੌਤ ਅਖ਼ੀਰ ਨੂੰ ।

ਏਡਜ਼ ਰੋਗੀ ਕੋਲੋਂ ਨਾ ਘਬਰਾਈਏ
ਜੇ ਉਹਦੇ ਕੋਲ ਕਦੇ ਬਹਿ ਜਾਈਏ
ਉਹਦੇ ਨਾਲ ਜੇ ਹੱਥ ਮਿਲਾਈਏ
ਇੱਦਾਂ ਏਡਜ਼ ਲਗਦਾ ਨਹੀਂ
ਛੂਤ ਰੋਗਾਂ ਦੇ ਵਾਇਰਸ ਵਾਂਗੂੰ
ਹਵਾ 'ਚ ਇਹ ਵਗਦਾ ਨਹੀਂ ।

'ਜੱਸਿਆ' ਅੱਜ ਤੋਂ ਕਸਮਾਂ ਖਾਈਏ
ਪਰਦੂਸ਼ਿਤ ਸੂਈਆਂ ਨਾ ਲਗਵਾਈਏ
ਇੱਕ ਨਾਲ ਹੰਢੀਏ ਅਤੇ ਹੰਢਾਈਏ
ਮੁੱਕਣੀ ਗੱਲ ਵਿਹਾਰਾਂ 'ਤੇ
ਏਡਸ ਨਾਲ ਜੋ ਹੈਂ ਪੀੜਤ
ਰਹਿਮ ਵੀ ਕਰੋ ਬਿਮਾਰਾਂ 'ਤੇ ।

ਜੈ ਸਿੰਘ 'ਜੱਸਾ'
ਪ੍ਰਸ਼ਾਸਕ
(ਮਾਨਾਂਵਾਲਾ ਕੰਪਲੈਕਸ)
ਪਿੰਗਲਵਾੜਾ ਅੰਮ੍ਰਿਤਸਰ
M: 97814-01142
M: 99150-38294



## ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ ਅਪਾਹਿਜਾਂ, ਅਨਾਥਾਂ ਅਤੇ ਲਾਵਾਰਿਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਤਾਂ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਉਚਿਤ ਇਮਾਰਤ ਅਤੇ ਨਾ ਹੀ ਮਰੀਜ਼ਾਂ ਦੇ ਖਾਣ-ਪੀਣ ਜਾਂ ਦਵਾਈਆਂ ਲਈ ਕਿਸੇ ਤਰ੍ਹਾਂ ਦਾ ਮਾਲੀ ਪ੍ਰਬੰਧ ਜਾਂ ਪੈਸੇ ਦਾ ਬੰਦੋਬਸਤ ਸੀ। ਭਗਤ ਪੂਰਨ ਸਿੰਘ ਇਕੱਲੇ ਹੀ ਇਸ ਸੇਵਾ ਦੇ ਪੰਧ 'ਤੇ ਨਿਕਲੇ—ਲੋਕ ਨਾਲ ਜੁੜਦੇ ਗਏ ਕਾਰਵਾਂ ਬਣਦਾ ਗਿਆ । ਉਨ੍ਹਾਂ ਦੀ ਉਤਰਾਧਿਕਾਰੀ ਡਾ: ਇੰਦਰਜੀਤ ਕੌਰ ਦੀ ਅਣਥੱਕ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਵਿਚ ਪਿੰਗਲਵਾੜਾ ਸੰਸਥਾ ਨਾ-ਕੇਵਲ ਭਾਰਤ ਵਿੱਚ ਬਲਕਿ ਵਿਦੇਸ਼ਾਂ ਵਿੱਚ ਵੀ ਇਕ ਗੌਰਵਪੂਰਣ ਸੰਸਥਾ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਈ ਹੈ ।

### ਪਿੰਗਲਵਾੜਾ ਇਕ ਨਜ਼ਰ ...

**ਨਿਵਾਸ ਅਤੇ ਸੰਭਾਲ** :-1764 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ ।

**ਇਲਾਜ ਅਤੇ ਸਹੂਲਤਾਂ** :- *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਮੁੜ ਵਸੇਬਾ ਕੇਂਦਰ, *ਐਂਬੂਲੈਂਸ, *ਮਸਨੂਈ ਅੰਗ ਕੇਂਦਰ, *ਫਿਜ਼ਿਓਥਰੈਪੀ ਸੈਂਟਰ, *ਡੈਂਟਲ ਕਲੀਨਿਕ, *ਅੱਖਾਂ ਦਾ ਕਲੀਨਿਕ, *ਮੰਦ-ਬੁੱਧੀ ਬੱਚਿਆਂ ਲਈ ਸੰਵੇਦੀ ਕੇਂਦਰ,

*ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਨਰਵਾਸ ਕੇਂਦਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ *ਆਪਣਾ ਘਰ, * ਖੇਡਾਂ ਦੇ ਕਮਰੇ । * ਯੋਗ ਲੜਕੇ ਲੜਕੀਆਂ ਦੇ ਵਿਆਹ ।

**ਜਾਗਰੂਕਤਾ** :-* ਪ੍ਰਿੰਟਿੰਗ ਪ੍ਰੈਸ, * ਲਾਇਬ੍ਰੇਰੀ, * ਕਿਤਾਬਚੇ ਅਤੇ ਇਸ਼ਤਿਹਾਰ, * ਸੈਮੀਨਾਰ ਅਤੇ ਵਰਕਸ਼ਾਪ, * ਵਿਦੇਸ਼ੀ ਯਾਤਰਾਵਾਂ ।

**ਵਾਤਾਵਰਨ** : -*ਨਰਸਰੀ, *ਪਾਣੀ ਸਾਫ਼ ਕਰਨ ਵਾਲਾ ਪਲਾਂਟ, *ਦਰੱਖਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ, *ਅੰਮ੍ਰਿਤ ਵਾਟਿਕਾ।

## ਮੁਫ਼ਤ ਵਿਦਿਅਕ ਸਹੂਲਤਾਂ:

* ਭਗਤ ਪੂਰਨ ਸਿੰਘ ਆਦਰਸ਼ ਸੀਨੀ. ਸੈਕੰ: ਸਕੂਲ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਸਕੂਲ ਫਾਰ ਡੈੱਫ , ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਸਕੂਲ ਫਾਰ ਡੈੱਫ, ਕਟੌਰਾ ਫਿਰੋਜ਼ਪੁਰ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ ਮਾਨਾਂਵਾਲਾ ਕੰਪਲੈਕਸ,ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ , (ਪਲਸੋਰਾ) ਚੰਡੀਗੜ੍ਹ।
* ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ।



## ਨਿਵਾਸ ਅਤੇ ਸੰਭਾਲ :

ਪਿੰਗਲਵਾੜਾ ਸੰਸਥਾ ਦੀਆਂ 7 ਅਲੱਗ ਅਲੱਗ ਬ੍ਰਾਂਚਾਂ ਵਿਚ 1764* ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ।

**31 ਦਸੰਬਰ 2016 ਤਕ ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ :**

| | | | |
|---|---|---|---|
| ਮਾਨਸਿਕ ਰੋਗੀ | -396 | ਏਡਜ਼ ਵਾਲੇ | -18 |
| ਅਧਰੰਗ/ ਪੋਲੀਏ ਵਾਲੇ | -159 | ਮਿਰਗੀ ਵਾਲੇ | -208 |
| ਮੰਦ-ਬੁੱਧੀ ਵਾਲੇ | -378 | ਕੈਂਸਰ ਵਾਲੇ | -01 |
| ਗੂੰਗੇ ਬੋਲੇ | -157 | ਸ਼ੂਗਰ ਵਾਲੇ | -80 |
| ਬਜ਼ੁਰਗ | -146 | ਸਕੂਲ ਜਾਣ ਵਾਲੇ ਬੱਚੇ | -100 |
| ਜ਼ਖ਼ਮਾਂ ਵਾਲੇ | - 34 | ਛੱਡੇ ਗਏ ਬੱਚੇ | -07 |
| ਟੀ.ਬੀ. ਵਾਲੇ | - 17 | ਠੀਕ ਹੋ ਚੁੱਕੇ ਰੋਗੀ | -22 |
| ਨੇਤਰਹੀਣ | - 41 | **ਕੁੱਲ ਜੋੜ** | **1764** |

| **ਬ੍ਰਾਂਚਾਂ ਦਾ ਵੇਰਵਾ :** | **ਰੋਗੀ** |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 374 |
| 2. ਮਾਨਾਂਵਾਲਾ ਕੰਪਲੈਕਸ | 854 |
| 3. ਪੰਡੋਰੀ ਵੜੈਚ ਬ੍ਰਾਂਚ | 82 |
| 4. ਗੋਇੰਦਵਾਲ ਬ੍ਰਾਂਚ | 93 |
| 5. ਜਲੰਧਰ ਬ੍ਰਾਂਚ | 39 |
| 6. ਸੰਗਰੂਰ ਬ੍ਰਾਂਚ | 228 |
| 7. ਚੰਡੀਗੜ੍ਹ (ਪਲਸੋਰਾ) ਬ੍ਰਾਂਚ | 94 |
| **ਕੁੱਲ ਮਰੀਜ਼** | **1764** |

*ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਮਰੀਜ਼ ਕਾਫ਼ੀ ਗਿਣਤੀ ਵਿੱਚ ਘਰਾਂ ਨੂੰ ਭੇਜ ਦਿੱਤੇ ਜਾਂਦੇ ਹਨ ।

**ਇਲਾਜ ਅਤੇ ਸਹੂਲਤਾਂ :**

**(ੳ) ਡਿਸਪੈਂਸਰੀ ਅਤੇ ਲੈਬਾਰਟਰੀ** : ਮਰੀਜ਼ਾਂ ਦੇ ਇਲਾਜ ਲਈ ਪਿੰਗਲਵਾੜਾ ਸੰਸਥਾ ਵਿੱਚ ਡਿਸਪੈਂਸਰੀ ਅਤੇ ਲੈਬਾਰਟਰੀ ਦੀ ਸੁਵਿਧਾ ਮੁਹੱਈਆ ਕੀਤੀ ਗਈ ਹੈ, ਜਿਸ ਦਾ ਸਾਲਾਨਾ ਖ਼ਰਚ 90 ਲੱਖ ਰੁਪਏ ਹੈ ।

**(ਅ) ਸਹਾਇਕ ਸਟਾਫ਼** : ਮਾਨਸਿਕ ਰੋਗੀਆਂ ਅਤੇ ਮਰੀਜ਼ਾਂ ਦੀ ਦੇਖਭਾਲ ਲਈ ਟੈਕਨੀਕਲ ਸਟਾਫ਼ ਜਿਵੇਂ ਨਰਸਾਂ, ਫਾਰਮਾਸਿਸਟ, ਲੈਬਾਰਟਰੀ ਟੈਕਨੀਸ਼ਨ ਦੀ ਵਿਵਸਥਾ ਕੀਤੀ ਗਈ ਹੈ ।

**(ੲ) ਖ਼ੂਨ-ਦਾਨ ਕੈਂਪ** : ਦੁਰਘਟਨਾ-ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਘਾਟ ਨੂੰ ਪੂਰਾ ਕਰਨ ਲਈ ਹਰ ਸਾਲ ਭਗਤ ਜੀ ਦੀ ਬਰਸੀ ’ਤੇ ਖ਼ੂਨ-ਦਾਨ ਕੈਂਪ ਲਗਾਇਆ ਜਾਂਦਾ ਹੈ । ਸੰਨ 2016 ਵਿੱਚ ਭਗਤ ਜੀ ਦੀ ਬਰਸੀ ’ਤੇ ਲਗਾਏ ਗਏ ਖ਼ੂਨ ਦਾਨ ਕੈਂਪ ਵਿੱਚ 195 ਯੂਨਿਟ ਖ਼ੂਨ ਇਕੱਠਾ ਹੋਇਆ ।

**(ਸ) ਐਂਬੂਲੈਂਸ**:- ਮੁੱਢਲੀਆਂ ਡਾਕਟਰੀ ਸੁਵਿਧਾਵਾਂ ਨਾਲ ਲੈਸ ਐਂਬੂਲੈਂਸ, ਸੜਕ ਹਾਦਸਿਆਂ ਦੇ ਜ਼ਖ਼ਮੀਆਂ ਦੀ ਮਦਦ ਲਈ ਤੱਤਪਰ ਰਹਿੰਦੀ ਹੈ। ਸੰਸਥਾ ਦੀਆਂ ਐਂਬੂਲੈਂਸਾਂ ਮਰੀਜ਼ਾਂ ਨੂੰ ਹਸਪਤਾਲ ਲੈ ਜਾਣ ਦੀ ਸੁਵਿਧਾ ਦਿੰਦੀਆਂ ਹਨ ।

**(ਹ) ਬਣਾਵਟੀ ਅੰਗ ਕੇਂਦਰ** : ਲੋੜਵੰਦ ਅੰਗਹੀਣਾਂ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਭਗਤ ਜੀ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿੱਥੇ ਅੰਗਹੀਣਾਂ ਨੂੰ ਬਣਾਵਟੀ ਅੰਗ ਮੁਫ਼ਤ ਲਗਾਏ ਜਾਂਦੇ ਹਨ । ਨਵੰਬਰ 2003 ਤੋਂ ਹੁਣ ਤਕ 8137 ਲੋੜਵੰਦ ਲਾਭ ਉਠਾ ਚੁੱਕੇ ਹਨ ।



**(ਕ) ਓਪ੍ਰੇਸ਼ਨ ਥਿਏਟਰ**: ਹਰ ਤਰ੍ਹਾਂ ਦੇ ਓਪ੍ਰੇਸ਼ਨ ਕਰਨ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਅਤਿ ਆਧੁਨਿਕ ਓਪ੍ਰੇਸ਼ਨ ਥਿਏਟਰ ਦੀ ਸੁਵਿਧਾ ਹੈ।

**(ਖ)ਫਿਜ਼ਿਓਥਰੈਪੀ ਸੈਂਟਰ**: ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਸੈਂਟਰ ਸਥਾਪਿਤ ਕੀਤਾ ਗਿਆ ਹੈ ਜਿਸ ਵਿੱਚ ਆਧੁਨਿਕ ਉਪਕਰਣਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਲੋੜਵੰਦ ਮੁਫ਼ਤ ਫ਼ਾਇਦਾ ਲੈ ਰਹੇ ਹਨ। ਹਰ ਰੋਜ਼ ਤਕਰੀਬਨ 80 ਮਰੀਜ਼ਾਂ ਦਾ ਇਲਾਜ ਕੀਤਾ ਜਾਂਦਾ ਹੈ ।

**(ਗ) ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਨਰਵਾਸ ਕੇਂਦਰ**:- ਬੱਚਿਆਂ ਦੇ ਕੰਨਾਂ ਦੀ ਮੁੱਢਲੀ ਜਾਂਚ ਅਤੇ ਪੁਨਰਵਾਸ ਵਾਸਤੇ ਇਹ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿਚ Bera Test ( ਬੱਚਿਆਂ ਦੇ ਸੁਣਨ ਦਾ ਟੈਸਟ) ਮੁਫ਼ਤ ਕੀਤਾ ਜਾਂਦਾ ਹੈ ।

(ਘ) ਭਗਤ ਜੀ ਦੀ 24ਵੀਂ ਬਰਸੀ ’ਤੇ 31 ਜੁਲਾਈ 2016 ਨੂੰ ‘Roko Cancer Charitable Trust, London’ ਵੱਲੋਂ ਅਤੇ ਪਿੰਗਲਵਾੜਾ ਸੋਸਾਇਟੀ ਵੱਲੋਂ ਮੁਫ਼ਤ ਕੈਂਸਰ ਦਾ ਕੈਂਪ ਅਤੇ ਮੈਡੀਕਲ ਕੈਂਪ ਮਾਨਾਂਵਾਲਾ ਕੰਪਲੈਕਸ ਵਿਖੇ ਲਗਾਇਆ ਗਿਆ।

**ਵਾਤਾਵਰਨ :**

**(ੳ) ਰੁੱਖ ਲਾਉਣੇ**: ਭਗਤ ਪੂਰਨ ਸਿੰਘ ਜੀ ਵਾਤਾਵਰਨ ਦੀ ਸੰਭਾਲ ਸੰਬੰਧੀ ਬੜੇ ਚਿੰਤਤ ਰਹਿੰਦੇ ਸਨ । ਇਸ ਕਰਕੇ ਧਰਤੀ ਨੂੰ **‘ਮਾਰੂਥਲ ਬਣਨ**’ ਤੇ **‘ਭੂ-ਖੋਰ’** ਤੋਂ ਬਚਾਉਣ ਲਈ ਪਿੰਗਲਵਾੜਾ ਸੰਸਥਾ ਵੱਲੋਂ ਵਾਤਾਵਰਨ ਦੇ ਸੁਧਾਰ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ। ਹਰ ਸਾਲ ਸੰਸਥਾ ਦੇ ਸੇਵਾਦਾਰਾਂ ਦੁਆਰਾ ਭਗਤ ਜੀ ਦੀ ਬਰਸੀ ਦੇ ਮੌਕੇ ਰੁੱਖ ਲਗਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ । ਇਹ ਰੁੱਖ ਸਕੂਲਾਂ,

ਕਾਲਜਾਂ, ਸ਼ਮਸ਼ਾਨ-ਘਾਟਾਂ ਅਤੇ ਹੋਰ ਜਨਤਕ ਥਾਵਾਂ 'ਤੇ ਲਗਾਏ ਜਾਂਦੇ ਹਨ। ਇਸ ਤੋਂ ਇਲਾਵਾ ਪਿੰਗਲਵਾੜਾ ਸੰਸਥਾ ਵੱਲੋਂ ਹਰ ਸਾਲ ਆਪਣੀ ਨਰਸਰੀ ਵਿੱਚ ਵੱਖ ਵੱਖ ਕਿਸਮਾਂ ਦੇ ਲਗਪਗ 60 ਹਜ਼ਾਰ ਬੂਟੇ ਤਿਆਰ ਕਰਕੇ ਵੱਖ ਵੱਖ ਸੰਸਥਾਵਾਂ ਨੂੰ ਮੁਫ਼ਤ ਭੇਜੇ ਜਾਂਦੇ ਹਨ ।

**ਮੁਫ਼ਤ ਵਿੱਦਿਅਕ ਸਹੂਲਤਾਂ :**

**(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀ: ਸੈਕੰ: ਸਕੂਲ ਮਾਨਾਂਵਾਲਾ:** ਇਸ ਸਕੂਲ ਵਿਚ ਗ਼ਰੀਬ ਅਤੇ ਝੁੱਗੀ ਝੌਂਪੜੀ ਵਾਲੇ 728 ਵਿਦਿਆਰਥੀਆਂ ਨੂੰ ਮੁਫ਼ਤ ਵਿੱਦਿਆ ਦਿੱਤੀ ਜਾ ਰਹੀ ਹੈ । ਸੰਸਥਾ ਦਾ ਇਹ ਖ਼ਾਸ ਉਪਰਾਲਾ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਤੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਸਮਾਜ ਵਿੱਚ ਵਿਚਰ ਸਕਣ। ਇਹਨਾਂ ਨੂੰ ਕਿਤਾਬਾਂ ਤੇ ਵਰਦੀਆਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ 92 ਬੱਚੇ ਪਿੰਗਲਵਾੜਾ ਸੰਸਥਾ ਵਿੱਚ ਪਲੇ ਹਨ ।

**(ਅ) ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ ਬੁੱਟਰ ਕਲਾਂ (ਕਾਦੀਆਂ):**

ਇਹ ਸਕੂਲ ਵੀ ਭਗਤ ਜੀ ਦੀ ਯਾਦ ਨੂੰ ਸਮਰਪਿਤ ਹੈ, ਜਿੱਥੇ ਯੋਗ ਅਤੇ ਸਿੱਖਿਅਤ ਅਧਿਆਪਕਾਂ ਦੀ ਅਗਵਾਈ ਵਿੱਚ ਲਗਪਗ 452 ਬੱਚੇ ਵਿੱਦਿਆ ਹਾਸਲ ਕਰ ਰਹੇ ਹਨ ।

**(ੲ) ਵਿਸ਼ੇਸ਼ ਸਿੱਖਿਆ** :- ਪਿੰਗਲਵਾੜੇ ਦੇ 217 ਮੰਦ-ਬੁੱਧੀ ਬੱਚਿਆਂ ਲਈ ਮਾਨਾਂਵਾਲਾ ਬ੍ਰਾਂਚ ਵਿਖੇ '**ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ**' ਦਾ ਪ੍ਰਬੰਧ ਉਹਨਾਂ ਦੀ ਬੁੱਧੀ ਵਿਕਸਤ ਕਰਨ ਲਈ ਕੀਤਾ ਗਿਆ ਹੈ।

**(ਸ) ਗੂੰਗੇ ਬੋਲੇ ਬੱਚਿਆਂ ਦੀ ਸਿੱਖਿਆ** : ਭਗਤ ਪੂਰਨ ਸਿੰਘ ਗੂੰਗੇ-ਬੋਲੇ



ਬੱਚਿਆਂ ਦਾ ਸਕੂਲ ਮਾਨਾਂਵਾਲਾ ਵਿਖੇ ਮਈ 2005 ਤੋਂ ਚੱਲ ਰਿਹਾ ਹੈ। ਇਸ ਵਿੱਚ 152 ਬੱਚੇ ਨਵੀਨ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

**(ਹ) ਕਿੱਤਾਕਾਰੀ ਸਿੱਖਿਆ**:- ਬੱਚਿਆਂ ਦੇ ਆਉਣ ਵਾਲੇ ਭਵਿੱਖ ਨੂੰ ਸਾਹਮਣੇ ਰੱਖਦੇ ਹੋਏ ਪਿੰਗਲਵਾੜਾ ਸੰਸਥਾ ਵੱਲੋਂ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਕਿੱਤਾਕਾਰੀ ਸਿੱਖਿਆ,(ਜਿਵੇਂ ਸਿਲਾਈ, ਕਢਾਈ, ਮੋਮਬੱਤੀਆਂ ਬਣਾਉਣ ਅਤੇ ਹੋਰ ਸਿੱਖਲਾਈ ਦੇ ਕੰਮ ਆਦਿ) ਟਰੇਂਡ ਕਿੱਤਾਕਾਰੀ ਅਧਿਆਪਕਾਂ ਵੱਲੋਂ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਬੱਚਿਆਂ ਨੂੰ ਸੰਗੀਤ ਦੀ ਵਿੱਦਿਆ ਲਈ ਯੋਗ ਅਧਿਆਪਕਾਂ ਦੀ ਅਗਵਾਈ ਪ੍ਰਾਪਤ ਹੈ ।

**(ਕ) ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ** : ਮਾਨਾਂਵਾਲਾ ਕੰਪਲੈਕਸ ਵਿਖੇ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਸਿਲਾਈ ਕਢਾਈ ਦਾ 6 ਮਹੀਨੇ ਦਾ ਕੋਰਸ ਕਰਵਾਇਆ ਜਾਂਦਾ ਹੈ । ਇਹ ਸੁਵਿਧਾ ਸਿਰਫ਼ ਪਿੰਗਲਵਾੜੇ ਦੇ ਬੱਚਿਆਂ ਲਈ ਹੀ ਨਹੀਂ ਬਲਕਿ ਮਾਨਾਂਵਾਲਾ ਦੇ ਆਸ-ਪਾਸ ਲੱਗਦੇ ਇਲਾਕਿਆਂ ਦੇ ਗ਼ਰੀਬ ਵਰਗ ਦੇ ਬੱਚੇ/ ਬੱਚੀਆਂ ਲਈ ਵੀ ਉਪਲਬਧ ਹੈ।

**(ਖ) ਕੰਪਿਊਟਰ ਸਿੱਖਿਆ**: ਸੂਚਨਾ ਅਤੇ ਟੈਕਨਾਲੋਜੀ ਦੇ ਪਸਾਰੇ ਨੂੰ ਮੁੱਖ ਰੱਖਦਿਆਂ ਪਿੰਗਲਵਾੜੇ ਦੇ ਬੱਚਿਆਂ ਨੂੰ ਆਧੁਨਿਕ ਸਮਾਜ ਦੇ ਹਾਣੀ ਬਣਾਉਣ ਲਈ ਕੰਪਿਊਟਰ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ ਹੈ ।

**ਹੋਸਟਲ ਦਾ ਪ੍ਰਬੰਧ** : ਮਾਨਾਂਵਾਲਾ ਵਿਖੇ ਪਿੰਗਲਵਾੜਾ ਸੰਸਥਾ ਵਿੱਚ ਪੜ੍ਹਨ ਵਾਲੇ ਲਗਪਗ 176 ਲੜਕੇ-ਲੜਕੀਆਂ ਵਾਸਤੇ ਅਲੱਗ-ਅਲੱਗ ਹੋਸਟਲ ਦਾ ਪ੍ਰਬੰਧ ਕੀਤਾ ਗਿਆ ਹੈ । ਪਿੰਗਲਵਾੜਾ ਦੀ ਸੰਗਰੂਰ ਬ੍ਰਾਂਚ ਦੇ ਹੋਸਟਲ ਵਿਚ ਰਹਿ ਰਹੀਆਂ 7 ਲੜਕੀਆਂ ਵੀ ਵੱਖ-ਵੱਖ

ਵਿੱਦਿਅਕ ਸੰਸਥਾਵਾਂ ਵਿੱਚ ਵਿੱਦਿਆ ਪ੍ਰਾਪਤ ਕਰ ਰਹੀਆਂ ਹਨ ।

**ਵਿਆਹ**: ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਪਿੰਗਲਵਾੜਾ ਵਿੱਚ ਪਲੀਆਂ ਨੌਜਵਾਨ ਲੜਕੀਆਂ ਲਈ ਢੁੱਕਵੇਂ ਯੋਗ ਵਰ ਲੱਭ ਕੇ ਉਹਨਾਂ ਨੂੰ ਗ੍ਰਿਸਥੀ ਜੀਵਨ ਵਿੱਚ ਪਾ ਦਿੱਤਾ ਜਾਂਦਾ ਹੈ । ਹੁਣ ਤਕ 40 ਲੜਕੀਆਂ ਤੇ 4 ਲੜਕਿਆਂ ਦੇ ਵਿਆਹ ਸੰਸਥਾ ਵੱਲੋਂ ਕੀਤੇ ਜਾ ਚੁੱਕੇ ਹਨ।

**ਸਮਾਜ-ਕਲਿਆਣ ਸੰਬੰਧੀ ਕੰਮ** : ਪਿੰਗਲਵਾੜੇ ਵੱਲੋਂ ਸਮਾਜ ਭਲਾਈ ਅਤੇ ਸੁਧਾਰ ਦੇ ਕੰਮਾਂ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ ।

**(ੳ) ਜਾਗ੍ਰਿਤੀ**: ਸਮਾਜਿਕ ਬੁਰਾਈਆਂ ਪ੍ਰਤੀ ਲੋਕਾਂ ਦੇ ਮਨਾਂ ਵਿੱਚ ਜਾਗ੍ਰਿਤੀ ਪੈਦਾ ਕਰਨ ਲਈ ਪਿੰਗਲਵਾੜੇ ਦਾ ਖ਼ਾਸ ਯੋਗਦਾਨ ਰਿਹਾ ਹੈ । ਅਜਿਹਾ ਯੋਗਦਾਨ ਪਿੰਗਲਵਾੜਾ ਵਿੱਚ ਸਥਾਪਿਤ **'ਪੂਰਨ ਪ੍ਰਿੰਟਿੰਗ ਪ੍ਰੈਸ'** ਵੱਖ-ਵੱਖ ਧਾਰਮਿਕ, ਸਮਾਜਿਕ, ਸਦਾਚਾਰਕ ਤੇ ਸਿਹਤ ਸੰਬੰਧੀ ਮੁੱਦਿਆਂ 'ਤੇ ਸਾਹਿਤ ਛਾਪ ਕੇ ਉਸ ਦੀ ਮੁਫ਼ਤ ਵੰਡਾਈ ਕਰ ਰਹੀ ਹੈ । ਪਿੰਗਲਵਾੜਾ ਪ੍ਰੈੱਸ ਅਤੇ ਪਬਲੀਸਿਟੀ ਦਾ ਕੁੱਲ ਸਾਲਾਨਾ ਖ਼ਰਚ 1 ਕਰੋੜ 50 ਲੱਖ ਰੁਪਏ ਹੈ ।

**(ਅ) ਪੀੜਿਤ ਲੋਕਾਂ ਦੀ ਮਦਦ**:- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੁਚਾਲ ਆਦਿ ਤੋਂ ਪ੍ਰਭਾਵਿਤ ਪੀੜਿਤਾਂ ਨੂੰ ਪਿੰਗਲਵਾੜਾ ਸੰਸਥਾ ਵੱਲੋਂ ਹਰ ਪ੍ਰਕਾਰ ਦੀ ਮਦਦ ਦੇਣ ਦੀ ਭਰਪੂਰ ਕੋਸ਼ਿਸ਼ ਕੀਤੀ ਜਾਂਦੀ ਹੈ । ਸੰਨ 2008 ਵਿਚ ਜੁਲਾਈ ਤੋਂ ਅਗਸਤ ਮਹੀਨੇ ਦੌਰਾਨ ਪੰਜਾਬ ਦੇ ਜਲੰਧਰ ਤੇ ਕਪੂਰਥਲਾ ਜ਼ਿਲ੍ਹਿਆਂ ਵਿੱਚ ਆਏ ਹੜ੍ਹਾਂ ਨਾਲ ਪੀੜਿਤ 800 ਪਰਿਵਾਰਾਂ ਲਈ ਰਾਸ਼ਨ, ਘਰੇਲੂ ਸਾਮਾਨ ਅਤੇ ਕੰਬਲ ਮੁਫ਼ਤ ਵੰਡੇ ਗਏ। ਸੰਨ 2010 ਵਿੱਚ, ਲਦਾਖ ਵਿੱਚ ਹੜ੍ਹ ਨਾਲ ਪੀੜਿਤ ਲੋਕਾਂ ਦੀ ਮਦਦ ਲਈ ਸੰਸਥਾ ਵੱਲੋਂ ਡਾ: ਇੰਦਰਜੀਤ ਕੌਰ ਦੀ ਅਗਵਾਈ ਵਿੱਚ



2 ਟਰੱਕ ਰਸਦ, ਕੱਪੜੇ, ਰਜਾਈਆਂ ਅਤੇ ਕੰਬਲ ਲੈ ਕੇ ਲੇਹ ਗਏ ਅਤੇ ਪੀੜਿਤਾਂ ਦੇ ਘਰ-ਘਰ ਜਾ ਕੇ ਇਹ ਰਾਹਤ ਸਮੱਗਰੀ ਵੰਡੀ ਗਈ। ਅਕਤੂਬਰ 2014 ਵਿਚ ਜੰਮੂ ਕਸ਼ਮੀਰ ਵਿੱਚ ਹੜ੍ਹਾਂ ਨਾਲ ਪੀੜਿਤ ਲੋਕਾਂ ਲਈ ਪਿੰਗਲਵਾੜੇ ਵੱਲੋਂ ਦੋ ਟਰੱਕ ਰਸਦ, ਕੰਬਲ, ਗਰਮ ਕੱਪੜੇ ਆਦਿ ਸਮਾਨ ਭੇਜੇ ਗਏ ਜਿਨ੍ਹਾਂ ਨੂੰ ਘਰ ਘਰ ਜਾ ਕੇ ਵੰਡਿਆ ਗਿਆ ।

**(ੲ) ਲਾਵਾਰਸ ਲਾਸ਼ਾਂ ਦਾ ਸਸਕਾਰ**: ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਸਸਕਾਰ ਪੂਰੇ ਸਤਿਕਾਰ ਸਹਿਤ ਕੀਤਾ ਜਾਂਦਾ ਹੈ ।

**(ਸ) ਬਿਰਧਾਂ ਦੀ ਦੇਖਭਾਲ**: ਸੰਗਰੂਰ ਬ੍ਰਾਂਚ ਵਿੱਚ ਇਕ ਬਿਰਧ-ਘਰ ਮਾਰਚ 2002 ਤੋਂ ਚੱਲ ਰਿਹਾ ਹੈ ਅਤੇ ਇਕ ਬਿਰਧ ਘਰ ਮਾਨਾਂਵਾਲਾ ਕੰਪਲੈਕਸ ਵਿਖੇ ਚਲ ਰਿਹਾ ਹੈ, ਜਿਸ ਵਿੱਚ 92 ਬਿਰਧਾਂ ਦੇ ਰੱਖਣ ਦਾ ਯੋਗ ਪ੍ਰਬੰਧ ਕੀਤਾ ਗਿਆ ਹੈ ।

**(ਹ) ਅਜਾਇਬ-ਘਰ ਤੇ ਦਸਤਾਵੇਜ਼ੀ ਫ਼ਿਲਮਾਂ**: ਬਿਖ਼ਮ ਮਾਰਗ ਦੇ ਪਾਂਧੀ ਭਗਤ ਪੂਰਨ ਸਿੰਘ ਜੀ ਦੀਆਂ ਜੀਵਨ ਘਾਲਣਾਵਾਂ ਸੰਬੰਧੀ ਤਸਵੀਰਾਂ ਦਾ ਸੰਗ੍ਰਹਿ ਅਜਾਇਬ-ਘਰ ਦੇ ਰੂਪ ਵਿੱਚ ਮੁੱਖ ਦਫ਼ਤਰ ਪਿੰਗਲਵਾੜਾ ਵਿਚ ਸਥਾਪਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਹਨਾਂ ਦੇ ਜੀਵਨ ਨੂੰ ਦਰਸਾਉਂਦੀਆਂ ਹੋਈਆਂ ਕੁਝ ਦਸਤਾਵੇਜ਼ੀ ਫ਼ਿਲਮਾਂ ਵੀ ਵੱਖ-ਵੱਖ ਬੁੱਧੀਜੀਵੀਆਂ ਵੱਲੋਂ ਤਿਆਰ ਕਰਵਾਈਆਂ ਗਈਆਂ ਹਨ ਜਿਵੇਂ ਕਿ

(ੳ) 'ਇਕ ਮਿਸਾਲ', 'Pingalwara Presentation'

(ਅ) 'ਇਹ ਜਨਮ ਤੁਮ੍ਹਾਰੇ ਲੇਖੇ

(ੲ) Pingalwara Home for Homeless

(ਸ) ਮਸ਼ਹੂਰ ਅਮਰੀਕੀ ਮੀਡੀਆ ਸ਼ਖ਼ਸੀਅਤ ਗੁਰਮੀਤ ਸੋਢੀ ਦੀ ਫ਼ਿਲਮ—'Pingalwara — A selfless Home'

(ਹ) ਸ੍ਰ: ਜੋਗਿੰਦਰ ਸਿੰਘ 'ਕਲਸੀ' ਤੇ ਸ੍ਰ.ਜਸਬੀਰ ਸਿੰਘ 'ਹੰਸਪਾਲ' ਵੱਲੋਂ ਨਿਰਮਤ ਫ਼ਿਲਮ — 'A Selfless Life'

(ਕ) Pingalwara — Educational Endeavours
(ਖ) Natural Farming
(ਗ) ਪਾਣੀ ਦੀ ਸਮੱਸਿਆ
(ਘ) ਰੁੱਖ
(ਙ) ਭਗਤ ਪੂਰਨ ਸਿੰਘ ਜੀ ਦੇ ਜੀਵਨ 'ਤੇ ਅਧਾਰਿਤ ਫੀਚਰ ਫ਼ਿਲਮ **'ਇਹ ਜਨਮ ਤੁਮ੍ਹਾਰੇ ਲੇਖੇ'** 30 ਜਨਵਰੀ, 2015 ਨੂੰ ਦੇਸ਼ ਭਰ ਅਤੇ ਵਿਦੇਸ਼ਾਂ ਵਿੱਚ ਰਿਲੀਜ਼ ਹੋ ਚੁੱਕੀ ਹੈ । ਇਸ ਫ਼ਿਲਮ ਰਾਹੀਂ ਨਵੀਂ ਪੀੜ੍ਹੀ ਲਈ ਭਗਤ ਜੀ ਦੀ ਸਮਾਜ ਪ੍ਰਤੀ ਕੀਤੀ ਨਿਸ਼ਕਾਮ ਸੇਵਾ ਅਤੇ ਕੁਰਬਾਨੀ ਬਾਰੇ ਚਾਨਣਾ ਪਾਇਆ ਗਿਆ ਹੈ । ਇਸ ਫ਼ਿਲਮ ਨੂੰ ਦੇਸ਼ ਅਤੇ ਵਿਦੇਸ਼ਾਂ ਵਿੱਚ ਭਰਪੂਰ ਹੁੰਗਾਰਾ ਮਿਲਿਆ ਹੈ ।

ਪਿੰਗਲਵਾੜਾ ਪਰਿਵਾਰ ਦੇ ਬੱਚਿਆਂ ਵੱਲੋਂ ਗਾਇਨ ਕੀਤੀ 'ਗੁਰਬਾਣੀ ਕੀਰਤਨ' ਦੀ ਵੀਡੀਓ ਦੀ ਡੀ.ਵੀ.ਡੀ. ਡਾ.ਓਮ ਗੌਰੀ ਦੱਤ ਸ਼ਰਮਾ ਡਿਪਟੀ ਡਾਇਰੈਕਟਰ ਜਲੰਧਰ ਦੂਰ-ਦਰਸ਼ਨ ਦਵਾਰਾ ਮਿਤੀ 9-7-2016 ਨੂੰ ਰਿਲੀਜ ਕੀਤੀ ਗਈ।

**ਭਗਤ ਪੂਰਨ ਸਿੰਘ ਸਮਾਰਕ** :- ਪੂਜਨੀਕ ਭਗਤ ਪੂਰਨ ਸਿੰਘ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿਖੇ '*ਭਗਤ ਪੂਰਨ ਸਿੰਘ ਸਮਾਰਕ*' ਦਾ ਨਿਰਮਾਣ ਹੋ ਚੁੱਕਾ ਹੈ । ਇਹ ਸਮਾਰਕ ਉਨ੍ਹਾਂ ਦੀ ਪਹਿਲੀ ਜਨਮ ਸ਼ਤਾਬਦੀ ਜੋ ਕਿ 4 ਜੂਨ, 2004 ਨੂੰ ਮਨਾਈ ਗਈ ਸੀ, ਨੂੰ ਸਮਰਪਿਤ ਹੈ ।

**ਗਊਸ਼ਾਲਾ** : ਮਾਨਾਂਵਾਲਾ ਕੰਪਲੈਕਸ ਵਿਚ ਇਕ ਗਊਸ਼ਾਲਾ ਦਾ ਭੀ ਨਿਰਮਾਣ ਕੀਤਾ ਗਿਆ ਹੈ ਜਿਸ ਵਿਚ ਲਗਪਗ 120 ਦੁਧਾਰੂ ਪਸ਼ੂ ਹਨ, ਜਿਨ੍ਹਾਂ ਦੀ ਸੰਸਥਾ ਵੱਲੋਂ ਸੇਵਾ-ਸੰਭਾਲ ਹੋ ਰਹੀ ਹੈ । ਗਊਆਂ ਦਾ ਦੁੱਧ ਮਰੀਜ਼ਾਂ ਲਈ ਵਰਤਿਆ ਜਾਂਦਾ ਹੈ ।

ਪਿੰਗਲਵਾੜੇ ਦਾ ਰੋਜ਼ਾਨਾ ਖ਼ਰਚ **ਸਾਢੇ ਛੇ ਲੱਖ** ਰੁਪਏ ਤੋਂ ਵੱਧ ਹੈ ਜੋ ਕਿ ਸੰਗਤਾਂ ਦੇ ਸਹਿਯੋਗ ਅਤੇ ਭਗਤ ਪੂਰਨ ਸਿੰਘ ਜੀ ਦੀ ਦਿੱਤੀ ਸੇਧ



ਮੁਤਾਬਕ ਹੁੰਦਾ ਹੈ।

(I) ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, ਰਜਿਸਟਰਾਰ ਆਫ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰਬਰ 130 ਆਫ 1956-57 ਅਤੇ ਸੋਧ ਨੰਬਰ A-28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ ।

(II) ਪਿੰਗਲਵਾੜਾ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਨੂੰ ਇਨਕਮ ਟੈਕਸ ਦੇ ਸੈਕਸ਼ਨ 80-G ਅਨੁਸਾਰ ਇਨਕਮ ਟੈਕਸ-II ਅੰਮ੍ਰਿਤਸਰ ਪੱਤਰ ਸੰਖਿਆ ਨੰਬਰ CIT-II/ASR/ITO(Tech.) 2011-12/4730 ਮਿਤੀ 11/12 January, 2012. ਅਧੀਨ ਟੈਕਸ ਦੀ ਛੋਟ ਪ੍ਰਾਪਤ ਹੈ ।

ਪਿੰਗਲਵਾੜਾ ਸੰਸਥਾ ਦਾ PAN ਨੰਬਰ AAATA2237R ਹੈ।

ਪਿੰਗਲਵਾੜਾ ਦੇ FCRA (Foreign Contribution Regulation) Act. ਨੰਬਰ 115210002 ਹੈ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

**ਡਾ: ਇੰਦਰਜੀਤ ਕੌਰ, ਮੁੱਖ ਸੇਵਿਕਾ,**

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:),

ਅੰਮ੍ਰਿਤਸਰ ।

**DETAILS OF BANKS FOR SENDING DONATION THROUGH ONLINE/CHEQUE/DRAFT**

**Cheques & Bank Drafts may be sent in favour of :**

**All India Pingalwara Charitable Society (Regd.) Amritsar.**

**PAN CARD NO. AAATA2237R**

| S. No. | Name of Account | A/C No. | Name of the Bank | IFS Code For Inland Remittance | Swift Code For Foreign Inward Remittance |
|---|---|---|---|---|---|
| | | **FOR FOREIGN DONORS** | | | |
| 1. | All India Pingalwara Charitable Society (Regd.) | 01562010002890 | Oriental Bank of Commerce Sharif-pura | ORBC0100156 | ORBCINBBASR |
| | | **FOR INLAND DONORS** | | | |
| 2. | All India Pingalwara Charitable Society (Regd.) | 01562010003720 | Oriental Bank of Commerce Sharif-pura | ORBC0100156 | ........... |
| 3. | All India Pingalwara Charitable Society (Regd.) Amritsar. | 10978255668 | State Bank of India Town Hall, Amritsar | SBIN0000609 | SBINHBB274 |
| 4. | All India Pingalwara Charitable Society (Regd.) Amritsar. | 630510100026147 | Bank of India City Centre Amritsar | BKID0006305 | BKIDINBBASR |



| | | | | | |
|---|---|---|---|---|---|
| 5. | All India Pingalwara Charitable Society (Regd.) Amritsar. | 685010100009799 | Axis Bank Ltd. City Centre, Amritsar | UTIB0000685 | AXISINBB179 |
| 6. | All India Pingalwara Charitable Society (Regd.) Amritsar. | 0018002100097336 | Punjab National Bank Hall Bazar, Amritsar. | PUNB0001800 | PUNBINBBAHB |
| 7. | All India Pingalwara Charitable Society (Regd.) Amritsar. | 006601012522 | ICICI Bank Ltd. Lawrence Road, Amritsar | ICIC0000066 | ICICINBBFEX |
| 8. | All India Pingalwara Charitable Society (Regd.) Amritsar. | 01151000246510 | HDFC Bank Ltd. Mall Road, Amritsar | HDFC0000115 | HDFCINBB |
| 9. | All India Pingalwara Charitable Society (Regd.) Amritsar. | 13131000082013 | HDFC Bank Ltd. Ghanta Ghar Golden Temple Amritsar | HDFC0001313 | HDFCINBB |
| 10. | All India Pingalwara Charitable Society (Regd.) Amritsar. | 00011000096048 | Punjab & Sind Bank Hall Bazar, Amritsar | PSIB000A001 | PSIBINBB017 |
| 11. | All India Pingalwara Charitable Society (Regd.) Amritsar. | 01010100015572 | Bank of Baroda Town Hall, Amritsar | BARBOAMRITS | BARBINBBAMR |